Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 133 | Tuesday, July 06, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਇਸ ਹਫਤੇ ਕੈਨੇਡਾ ਨੂੰ ਕੋਵਿਡ-19 ਦੀਆਂ ਹਾਸਲ ਹੋਣਗੀਆਂ 3·7 ਮਿਲੀਅਨ ਹੋਰ ਡੋਜ਼ਾਂ

ਓਟਵਾ, 5 ਜੁਲਾਈ (ਪੋਸਟ ਬਿਊਰੋ) : ਫੈਡਰਲ ਸਰਕਾਰ ਨੂੰ ਇਸ ਹਫਤੇ ਕੋਵਿਡ-19 ਦੀਆਂ 3·7 ਮਿਲੀਅਨ ਹੋਰ ਡੋਜ਼ਾਂ ਮਿਲਣ ਦੀ ਸੰਭਾਵਨਾ ਹੈ। ਇਸ ਨਾਲ ਹੁਣ ਤੱਕ ਕੈਨੇਡਾ ਨੂੰ ਹਾਸਲ ਹੋਈਆਂ ਕੋਵਿਡ-19 ਵੈਕਸੀਨਜ਼ ਦੀ ਕੁੱਲ ਗਿਣਤੀ 53·7 ਮਿਲੀਅਨ ਡੋਜ਼ਿਜ਼ ਹੋ ਜਾਵੇਗੀ।




ਨਵੀਂ ਡਲਿਵਰੀਜ਼ ਵਿੱਚ ਫਾਈਜ਼ਰ ਬਾਇਓਐਨਟੈਕ ਵੈਕਸੀਨ ਦੀਆਂ 900,000 ਡੋਜ਼ਾਂ ਤੇ ਮੌਡਰਨਾ ਦੀਆਂ 2·8 ਮਿਲੀਅਨ ਡੋਜ਼ਾਂ ਸ਼ਾਮਲ ਹੋਣਗੀਆਂ। ਇਸ ਨਾਲ ਕੈਨੇਡਾ ਦੀ 75 ਫੀ ਸਦੀ ਆਬਾਦੀ ਨੂੰ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਹਾਸਲ ਹੋ ਸਕਣਗੀਆਂ। ਜੁਲਾਈ ਵਿੱਚ ਕੋਵਿਡ-19 ਵੈਕਸੀਨ ਦੀਆਂ 18 ਮਿਲੀਅਨ ਡੋਜ਼ਾਂ ਕੈਨੇਡਾ ਆਉਣ ਦੀ ਸੰਭਾਵਨਾ ਹੈ।ਦੇਸ਼ ਵਿੱਚ 12 ਸਾਲ ਤੋਂ ਵੱਧ ਉਮਰ ਦੇ 33·2 ਮਿਲੀਅਨ ਕੈਨੇਡੀਅਨਜ਼ ਇਸ ਨਾਲ ਪੂਰੀ ਤਰ੍ਹਾਂ ਵੈਕਸੀਨੇਟ ਹੋ ਸਕਣਗੇ।

ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਕੈਨੇਡੀਅਨਜ਼ ਦੀ ਗਿਣਤੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਓਟਵਾ ਦੇ ਇੱਕ ਕਲੀਨਿਕ ਵਿੱਚ ਮੌਡਰਨਾ ਵੈਕਸੀਨ ਦਾ ਸ਼ੌਟ ਲਵਾਇਆ। ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੋਇਰ ਟਰੂਡੋ ਨੇ ਵੀਰਵਾਰ ਨੂੰ ਆਪਣੀ ਦੂਜੀ ਡੋਜ਼ ਲਵਾਈ। ਆਪਣਾ ਦੂਜਾ ਸ਼ੌਟ ਲਵਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਹੁਣ ਉਹ ਖੁਦ ਨੂੰ ਗਰਮੀਆਂ ਲਈ ਸੇਫ ਤੇ ਸਕਾਰਾਤਮਕ ਰੌਂਅ ਵਿੱਚ ਮਹਿਸੂਸ ਕਰ ਰਹੇ ਹਨ।

ਉਨ੍ਹਾਂ ਆਖਿਆ ਕਿ 80 ਫੀ ਸਦੀ ਦੇ ਨੇੜੇ ਤੇੜੇ ਯੋਗ ਕੈਨੇਡੀਅਨਜ਼ ਨੇ ਪਹਿਲਾਂ ਹੀ ਕੋਵਿਡ-19 ਦਾ ਆਪਣਾ ਪਹਿਲਾ ਸ਼ੌਟ ਲਵਾ ਲਿਆ ਹੈ ਤੇ 35 ਫੀ ਸਦੀ ਤੋਂ ...ਬਾਕੀ ਪੰਨਾ 4 'ਤੇ

## ਫਰਸਟ ਨੇਸ਼ਨ ਨਾਲ ਚਾਈਲਡ ਵੈਲਫੇਅਰ ਸਮਝੌਤੇ ਲਈ ਸਸਕੈਚਵਨ ਜਾਣਗੇ ਟਰੂਡੋ

ਕਾਓਐਸਿਸ ਫਰਸਟ ਨੇਸ਼ਨ, 5 ਜੁਲਾਈ (ਪੋਸਟ ਬਿਊਰੋ) : ਸਸਕੈਚਵਨ ਦੀ ਕਾਓਐਸਿਸ ਫਰਸਟ ਨੇਸ਼ਨ ਦਾ ਕਹਿਣਾ ਹੈ ਕਿ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਨ੍ਹਾਂ ਦੀ ਕਮਿਊਨਿਟੀ ਦਾ ਦੌਰਾ ਕਰਨਗੇ।



ਟਵਿੱਟਰ ਉੱਤੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਚੀਫ ਕੈਡਮਸ ਡੈਲੋਰਮ ਨੇ ਆਖਿਆ ਕਿ ਪ੍ਰਧਾਨ ਮੰਤਰੀ ਤੇ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਚਾਈਲਡ ਵੈੱਲਫੇਅਰ ਸਮਝੌਤੇ ਉੱਤੇ ਸਹੀ ਪਾਉਣਗੇ। ਇੱਥੇ ਦੱਸਣਾ ਬਣਦਾ ਹੈ ਕਿ ਕਈ ਇੰਡੀਜੀਨਸ ਗਰੁੱਪਜ਼ ਵਿੱਚੋਂ ਫਰਸਟ ਨੇਸ਼ਨ ਅਜਿਹਾ ਗਰੁੱਪ ਹੈ ਜਿਸਨੇ ਇੰਡੀਜੀਨਸ ਸਰਵਿਸਿਜ਼ ਕੈਨੇਡਾ ਨੂੰ ਇਹ ਆਖਿਆ ਹੈ ਕਿ ਉਹ ਫੈਡਰਲ ਕਾਨੂੰਨ ਤਹਿਤ ਆਪਣੀਆਂ ਚਾਈਲਡ ਐਂਡ ਫੈਮਿਲੀ ਸਰਵਿਸਿਜ਼ ਨੂੰ ਆਪ ਹੈਂਡਲ ਕਰਨਾ ਚਾਹੁੰਦੇ ਹਨ। ਦ ਫੈਡਰੇਸ਼ਨ ਆਫ ਸੌਵਰਨ ਇੰਡੀਜੀਨਸ ਨੇਸ਼ਨਜ਼, ਜੋ ਕਿ ਸਸਕੈਚਵਨ ਦੀਆਂ 74 ਫਰਸਟ ਨੇਸ਼ਨਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਪਿਛਲੇ ਸਾਲ ਇਹ ਐਲਾਨ ਕੀਤਾ ਸੀ ਕਿ ਇਸ ਕਾਨੂੰਨ ਨੂੰ ਰਿਜਰਵਜ਼ ਉੱਤੇ ਲਾਗੂ ਕਰਨ ਲਈ ਉਹ ਪੰਜ ਸਾਲਾਂ ਦੇ ਅਰਸੇ ਦੌਰਾਨ ਓਟਵਾ ਤੋਂ 360 ਮਿਲੀਅਨ ਡਾਲਰ ਚਾਹੁੰਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕਾਓਐਸਿਸ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਉਹ ਸਾਈਟ ਹੈ ਜਿੱਥੇ ਪਿਛਲੇ ਮਹੀਨੇ 751 ਗੈਰ ਨਿਸ਼ਾਨਬੱਧ ਕਬਰਾਂ ਮਿਲੀਆਂ ਸਨ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਸਕੂਲਾਂ ਵਿੱਚ ਯਹੂਦੀ ਬੱਚਿਆਂ ਨਾਲ ਹੋਣ ਵਾਲੇ ਪੱਖਪਾਤ ਨੂੰ ਖ਼ਤਮ ਕਰਨ ਲਈ ਸਰਕਾਰ ਲਿਆ ਰਹੀ ਹੈ ਦੋ ਪ੍ਰੋਗਰਾਮ

ਟੋਰਾਂਟੋ, 5 ਜੁਲਾਈ (ਪੋਸਟ ਬਿਊਰੋ) : ਸਕੂਲਾਂ ਵਿੱਚ ਯਹੂਦੀਆਂ ਨਾਲ ਹੋਣ ਵਾਲੇ ਪੱਖਪਾਤ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਓਨਟਾਰੀਓ ਸਰਕਾਰ ਵੱਲੋਂ ਦੋ ਸਮਰ ਪ੍ਰੋਗਰਾਮਜ਼ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਦਾ ਕਹਿਣਾ ਹੈ ਕਿ ਫਰੈਂਡਜ਼ ਆਫ ਸਾਇਮਨ ਵੀਜ਼ੈਂਥਾਲ ਸੈਂਟਰ ਫੌਰ ਹੋਲੋਕਾਸਟ ਸਟਡੀਜ਼ ਨਾਲ ਜੁੜੇ ਕੋਰਸਾਂ ਵਿੱਚ ਮਦਦ ਕਰਨ ਲਈ ਪ੍ਰੋਵਿੰਸ 327,000 ਡਾਲਰ ਦੇਵੇਗੀ। ਉਨ੍ਹਾਂ ਆਖਿਆ ਕਿ ਵੱਖ ਵੱਖ ਮਾਹੌਲ ਵਿੱਚ ਯਹੂਦੀਆਂ ਨਾਲ ਹੋਣ ਵਾਲੇ ਪੱਖਪਾਤ ਨੂੰ ਖਤਮ ਕਰਨ ਲਈ ਸਾਡਾ ਇੱਕ ਪ੍ਰੋਗਰਾਮ ਐਜੁਕੇਟਰਜ਼ ਲਈ ਪ੍ਰੋਫੈਸ਼ਨਲ ਡਿਵੈਲਪਮੈਂਟ ਸੈਸ਼ਨਜ਼ ...ਬਾਕੀ ਪੰਨਾ 4 'ਤੇ

## ਪਰਸਨਲ ਸਪੋਰਟ ਵਰਕਰਜ਼ ਦੇ ਵੇਜਿਜ਼ ਵਿਚ ਆਰਜ਼ੀ ਤੌਰ ਉਤੇ ਹੋਰ ਵਾਧਾ ਕਰਾਂਗੇ : ਫੋਰਡ

ਓਨਟਾਰੀਓ, 5 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਮਹਾਂਮਾਰੀ ਦਰਮਿਆਨ ਪਰਸਨਲ ਸਪੋਰਟ ਵਰਕਰਜ਼ ਦੇ ਵੇਜਿਜ਼ ਵਿੱਚ ਆਰਜ਼ੀ ਤੌਰ ਉੱਤੇ ਹੋਰ ਵਾਧਾ ਕਰਨ ਦੀ ਗਾਰੰਟੀ ਦਿੱਤੀ।



ਨੌਰਥ ਬੇਅ ਵਿੱਚ ਲਾਂਗ ਟਰਮ ਕੇਅਰ ਦੇ ਸਬੰਧ ਵਿੱਚ ਐਲਾਨ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ ਉਹ ਜਾਣਦੇ ਹਨ ਕਿ ਇਹ ਆਰਜ਼ੀ ਵਾਧਾ ਹੋਵੇਗਾ ਪਰ ਉਨ੍ਹਾਂ ਨੂੰ ਤਨਖਾਹ ਵਿੱਚ 3 ਡਾਲਰ ਦਾ ਵਾਧਾ ਮਿਲੇਗਾ। ਫੋਰਡ ਨੇ ਆਖਿਆ ਕਿ ਉਹ ਹਮੇਸ਼ਾਂ ਇਹ ਆਖਦੇ ਰਹੇ ਹਨ ਕਿ ਪਰਸਨਲ ਸਪੋਰਟ ਵਰਕਰਜ਼ ਕੋਲ ਕੰਮ ਦਾ ਬੋਝ ਬਹੁਤ ਜ਼ਿਆਦਾ ਹੈ, ਉਨ੍ਹਾਂ ਨੂੰ ਤਨਖਾਹ ਮੁਕਾਬਲਤਨ ਘੱਟ ਮਿਲਦੀ ਹੈ ਤੇ ਉਨ੍ਹਾਂ ਦੀ ਤਨਖਾਹ ਵਿੱਚ ਵਾਧਾ ਹੋਣਾ ਹੀ ਚਾਹੀਦਾ ਹੈ। ਇਸ ਲਈ ਅਸੀਂ ਆਪਣਾ ਵਾਅਦਾ ਜ਼ਰੂਰ ਪੁਗਾਵਾਂਗੇ।

ਅਕਤੂਬਰ 2020 ਵਿੱਚ ਓਨਟਾਰੀਓ ਨੇ ਇਹ ਐਲਾਨ ਕੀਤਾ ਸੀ ਕਿ ਜਿਹੜੇ 158,000 ਪਰਸਨਲ ਸਪੋਰਟ ਵਰਕਰਜ਼ ਪਬਲਿਕ ਤੌਰ ਉੱਤੇ ਫੰਡ ਹਾਸਲ ਕਰਨ ਵਾਲੀਆਂ ਸੇਵਾਵਾਂ ਦਿੰਦੇ ਹਨ, ਨੂੰ ਤਨਖਾਹ ਵਿੱਚ ਆਰਜ਼ੀ ਵਾਧਾ ਦਿੱਤਾ ਜਾਵੇਗਾ। ਇਨ੍ਹਾਂ ਵਿੱਚ ਕਮਿਊਨਿਟੀ ਕੇਅਰ, ਲਾਂਗ ਟਰਮ ਕੇਅਰ ਹੋਮਜ਼, ਪਬਲਿਕ ਹਸਪਤਾਲਾਂ ਤੇ ਬੱਚਿਆਂ ਨੂੰ ਸੇਵਾਵਾਂ ਦੇਣ ਵਾਲੇ ਪਰਸਨਲ ਸਪੋਰਟ ਵਰਕਰਜ਼ ਸ਼ਾਮਲ ਹਨ। ...ਬਾਕੀ ਪੰਨਾ 4 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

## 12 ਤੋਂ 17 ਸਾਲ ਦੇ ਬੱਚੇ ਦੂਜੀ ਡੋਜ਼ ਲਈ ਸਮੇਂ ਤੋਂ ਪਹਿਲਾਂ ਕਰਵਾ ਸਕਣਗੇ ਬੁਕਿੰਗ

ਓਨਟਾਰੀਓ, 5 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਰਹਿਣ ਵਾਲੇ 12 ਤੋਂ 17 ਸਾਲ ਉਮਰ ਵਰਗ ਦੇ ਸਾਰੇ ਬੱਚੇ ਅੱਜ ਤੋਂ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਲਵਾ ਸਕਣਗੇ।

ਇਸ ਸਬੰਧ ਵਿੱਚ ਆਪਣੇ ਬੁਕਿੰਗ ਸਿਸਟਮ ਦੀ ਵਰਤੋਂ ਕਰਨ ਵਾਲੀਆਂ ਪਬਲਿਕ ਹੈਲਥ ਯੂਨਿਟਸ ਤੇ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀਆਂ ਫਾਰਮੇਸੀਜ਼ ਵੱਲੋਂ ਪ੍ਰੋਵਿੰਸ਼ੀਅਲ ਪੋਰਟਲ ਉੱਤੇ ਅਪੁਆਇੰਟਮੈਂਟਸ ਸਵੇਰੇ 8:00 ਵਜੇ ਤੋਂ ਸ਼ੁਰੂ ਹੋਣਗੀਆਂ।ਇਸ ਦੌਰਾਨ ਟਵੀਨਜ਼ ਤੇ ਟੀਨੇਜਰਜ਼ ਨੂੰ ਫਾਈਜ਼ਰ-ਬਾਇਓਐਨਟੈਕ ਦੇ




ਸ਼ੌਟ ਦਿੱਤੇ ਜਾਣਗੇ।ਨੌਜਵਾਨਾਂ ਲਈ ਦੂਜੀ ਡੋਜ਼ ਵਿੱਚ ਵਾਧਾ ਕਰਨ ਦਾ ਫੈਸਲਾ ਉਸ ਸਮੇਂ ਲਿਆ ਗਿਆ ਜਦੋਂ ਪ੍ਰੋਵਿੰਸ ਵੱਲੋਂ ਆਪਣੀ ਵੈਕਸੀਨੇਸ਼ਨ ਮੁਹਿੰਮ ਵਿੱਚ ਤੇਜ਼ੀ ਲਿਆਂਦੀ ਗਈ।

ਇਸ ਤੋਂ ਪਹਿਲਾਂ ਓਨਟਾਰੀਓ ਵਿੱਚ ਦੂਜੀ ਡੋਜ਼ ਲਈ ਲੋਕਾਂ ਨੂੰ ਪਹਿਲੀ ਡੋਜ਼ ਤੋਂ ਬਾਅਦ ਚਾਰ ਮਹੀਨੇ ਤੱਕ ਦਾ ਸਮਾਂ ਦਿੱਤਾ ਜਾਂਦਾ ਸੀ। ਪ੍ਰੋਵਿੰਸ਼ੀਅਲ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਓਨਟਾਰੀਓ ਦੇ 78 ਫੀ ਸਦੀ ਤੋਂ ਵੀ ਵੱਧ ਬਾਲਗ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੈ ਚੁੱਕੇ ਹਨ ਤੇ 44 ਫੀ ਸਦੀ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਹਨ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate
- Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨੌਰਥ ਯੌਰਕ ਇਲਾਕੇ ਵਿੱਚ ਚੱਲੀ ਗੋਲੀ, 1 ਜ਼ਖ਼ਮੀ

ਟੋਰਾਂਟੋ, 5 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਨੌਰਥ ਯੌਰਕ ਇਲਾਕੇ ਵਿੱਚ ਗੋਲੀ ਚੱਲਣ ਤੋਂ ਬਾਅਦ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਰਾਤੀਂ 8:02 ਵਜੇ ਦੇ ਨੇੜੇ ਤੇੜੇ ਕੀਲ ਸਟਰੀਟ ਤੇ ਫਿੰਚ ਐਵਨਿਊ ਵੈਸਟ ਇਲਾਕੇ ਵਿੱਚ ਗੋਲੀ ਚੱਲਣ ਦੀ



ਰਿਪੋਰਟ ਮਿਲਣ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ। ਉਨ੍ਹਾਂ ਨੂੰ ਉੱਥੇ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਜੋ ਕਿ ਆਪਣੇ 40ਵਿਆਂ ਵਿੱਚ ਸੀ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਇਸ ਸਬੰਧ ਵਿੱਚ ਪੁਲਿਸ ਵੱਲੋਂ ਅਜੇ ਹੋਰ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ।ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਸਿੱਧਾ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਛੁਰੇਬਾਜ਼ੀ ਕਾਰਨ ਇੱਕ ਗੰਭੀਰ ਜ਼ਖ਼ਮੀ




ਟੋਰਾਂਟੋ, 5 ਜੁਲਾਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਸ਼ਹਿਰ ਦੇ ਪੂਰਬੀ ਸਿਰੇ ਉੱਤੇ ਹੋਈ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਦਕਿ ਇੱਕ ਹੋਰ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਰਾਤੀਂ 8:00 ਵਜੇ ਤੋਂ ਠੀਕ ਪਹਿਲਾਂ ਪੁਲਿਸ ਨੂੰ ਕਿੰਗਸਟਨ ਤੇ ਗਲੈਨ ਐਵਰੈਸਟ ਰੋਡਜ਼ ਉੱਤੇ ਛੁਰੇਬਾਜ਼ੀ ਦੀਆਂ ਰਿਪੋਰਟਾਂ ਮਿਲੀਆਂ। ਇਸ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਉਨ੍ਹਾਂ ਇੱਕ ਮਸ਼ਕੂਕ ਦਾ ਪਤਾ ਲਾਉਣ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

ukttc
UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਜਿੰਨਾ ਮੰਡੀ ਵਿੱਚ ਕਣਕ ਦਾ ਰੇਟ ਮਿੱਤਰ,
ਦੁੱਗਣਾ ਜਾਣ ਲਓ ਆਟੇ ਦਾ ਮੁੱਲ ਮਿੱਤਰ।
ਕਰਿਆਂ ਲੇਖਾ ਇਹ ਕੁੱਲ ਹਿਸਾਬ ਬਣਦਾ,
ਆਟਾ ਚਾਲੀਆਂ ਵਿੱਚਕਿੱਲੋ ਕੁੱਲ ਮਿੱਤਰ।
ਕਾਰਪੋਰੇਟਾਂ ਦਾ ਲਾਇਆ ਜਾਏ ਜਦੋਂ ਲੋਗੋ,
ਸੌ ਦੇ ਨੋਟ ਨਾਲ ਜਾਂਦਾ ਉਹ ਤੁੱਲ ਮਿੱਤਰ।
ਕੋਈ ਨਾ ਮਹਿਕਮਾ ਚੈੱਕ ਹੈ ਕਰਨ ਜਾਂਦਾ,
ਹਨੇਰੀ-ਝੱਖੜ ਹੀ ਰਿਹਾ ਹੈ ਝੁੱਲ ਮਿੱਤਰ।
ਜਿਹੜਿਆਂ ਠੱਗਾਂ ਨੇ ਪਾਈ ਆ ਲੁੱਟ ਏਨੀ,
ਗਏ ਉਹ ਦੇਸ਼ ਦੇ ਬੈਂਕ ਵੀ ਲੁੱਟ ਮਿੱਤਰ।
ਬਣਿਆ ਕੇਸ ਫਿਰ ਚਾਰ ਦਿਨ ਖੱਪ ਪੈਣੀ,
ਪੈਣੀ ਚੋਰਾਂ ਨੂੰ ਬਹੁਤੀ ਨਹੀਂ ਕੁੱਟ ਮਿੱਤਰ।

**ਤੀਸ ਮਾਰ ਖਾਂ**

## ਕੈਪਟਨ ਅਮਰਿੰਦਰ ਨੇ ਕੇਜਰੀਵਾਲ ਉੱਤੇ ਦਿੱਲੀ ਦੀ ਬਿਜਲੀ ਬਾਰੇ ਝੂਠ ਬੋਲਣ ਦਾ ਦੋਸ਼ ਲਾਇਆ

ਚੰਡੀਗੜ੍ਹ, 5 ਜੁਲਾਈ, (ਪੋਸਟ ਬਿਊਰੋ)- ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀਦੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਵਿਚ ਓਥੋਂ ਦੀ ਕੇਜਰੀਵਾਲ ਸਰਕਾਰ ਨਾਕਾਮ ਰਹੀ ਹੈ ਤੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਉਤੇ ਅੱਖ ਰੱਖ ਕੇ ਓਥੋਂ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਝੂਠੇ ਵਾਅਦੇ ਕਰਨ ਲਈ ਏਥੇ ਗੇੜੇ ਮਾਰ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿਦਿੱਲੀ ਦੇ ਲੋਕਾਂ ਦੀ ਸੇਵਾ ਦੇ ਲਈ ਕੇਜਰੀਵਾਲ ਸਰਕਾਰ ਹਰਪੱਖੋਂ ਫੇਲ੍ਹ ਹੋਈ ਹੈ ਤੇ ਦਿੱਲੀ ਨਾਲ ਦੇ ਪਿੰਡਾਂ ਦੇ ਕਿਸਾਨਾਂ ਨੂੰ ਮੁਫਤ ਬਿਜਲੀ ਨਹੀਂ ਦੇਂਦੀ ਤੇ ਉਦਯੋਗ ਲਈ ਬਿਜਲੀ ਦਰਾਂ ਵੀ ਵੱਧ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹਰ ਖੇਤਰ ਵਿਚਦਿੱਲੀ ਮਾਡਲ ਰੱਦ ਕਰ ਚੁੱਕੇ ਹਨ।ਮੁੱਖ ਮੰਤਰੀ ਨੇ ਦਿੱਲੀਦੇ ਬਿਜਲੀ ਰੇਟਾਂ ਨੂੰ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਗਿਣੀ-ਮਿੱਥੀ ਸਾਜ਼ਿਸ਼ ਦੱਸ ਕੇ ਕਿਹਾ ਕਿ ਦਿੱਲੀ ਸਰਕਾਰ ਨੇ ਰਿਲਾਇੰਸ ਵਰਗੀਆਂ ਪ੍ਰਾਈਵੇਟਬਿਜਲੀ ਕੰਪਨੀਆਂ ਨੂੰ ਲੋਕਾਂ ਦੀ ਕੀਮਤ ਉਤੇ ਵੱਧ ਦਰਾਂ ਵਸੂਲ ਕੇ ਜੇਬਾਂ ਭਰਨ ਲਈ ਖੁੱਲ੍ਹਦਿੱਤੀ ਹੋਈ ਹੈ।

## ਪਰਸਨਲ ਸਪੋਰਟ ਵਰਕਰਜ਼ ਦੇ ਵੇਜਿਜ਼ ਵਿਚ ਆਰਜ਼ੀ ਤੌਰ ਉਤੇ ਹੋਰ ਵਾਧਾ ਕਰਾਂਗੇ : ਫੋਰਡ

ਸਫਾ 1 ਦਾ ਬਾਕੀ...
ਇਹ ਫੰਡ ਮਾਰਚ 2021 ਵਿੱਚ ਐਕਸਪਾਇਰ ਹੋਣੇ ਸਨ ਪਰ ਇਨ੍ਹਾਂ ਵਿੱਚ ਦੋ ਵਾਰੀ ਵਾਧਾ ਕੀਤਾ ਜਾ ਚੁੱਕਿਆ ਹੈ। ਹੁਣ ਜੇ ਇਨ੍ਹਾਂ ਵਿੱਚ ਮੁੜ ਵਾਧਾ ਨਾ ਕੀਤਾ ਗਿਆ ਜਾਂ ਇਨ੍ਹਾਂ ਨੂੰ ਸਥਾਈ ਨਾ ਬਣਾਇਆ ਗਿਆ ਤਾਂ ਇਨ੍ਹਾਂ ਦੇ 23 ਅਗਸਤ ਨੂੰ ਐਕਸਪਾਇਅਰ ਹੋਣ ਦੀ ਸੰਭਾਵਨਾ ਹੈ।

# ਮਿਸੀਸਾਗਾ ਵਿੱਚ ਲਾਏ ਗਏ ਆਟੋਮੇਟਿਡ ਸਪੀਡ ਕੈਮਰੇ

ਮਿਸੀਸਾਗਾ, 5 ਜੁਲਾਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਦੀ ਤਰਜ਼ ਉੱਤੇ ਹੁਣ ਮਿਸੀਸਾਗਾ ਵਿੱਚ ਵੀ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਵਾਲਿਆਂ ਦੀ ਖੈਰ ਨਹੀਂ। ਇੱਥੇ ਵੀ ਹੁਣ ਆਟੋਮੈਟਿਕ ਢੰਗ ਨਾਲ ਚੱਲਣ ਵਾਲੇ ਸਪੀਡ ਕੈਮਰੇ ਲਾ ਦਿੱਤੇ ਗਏ ਹਨ, ਜਿਹੜੇ ਅੱਖ ਦੇ ਫੋਰ ਵਿੱਚ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਵਾਲਿਆਂ ਦੀ ਤਸਵੀਰ ਖਿੱਚ ਲੈਣਗੇ।



ਸੋਮਵਾਰ ਨੂੰ ਸਿਟੀ ਵੱਲੋਂ ਦੋ ਆਟੋਮੇਟਿਡ ਸਪੀਡ ਐਨਫੋਰਸਮੈਂਟ (ਏ ਐਸ ਈ) ਕੈਮਰੇ ਸ਼ੁਰੂ ਕੀਤੇ ਗਏ। ਇਹ ਕੈਮਰੇ ਮੌਰਨਿੰਗਸਟਾਰ ਡਰਾਈਵ ਦਰਮਿਆਨ ਲੈਂਕਾਸਟਰ ਐਵਨਿਊ ਤੇ ਨੀਦਰਵੁੱਡ ਰੋਡ ਦੇ ਨਾਲ ਨਾਲ ਸਾਅਮਿੱਲ ਵੈਲੀ ਡਰਾਈਵ ਉੱਤੇ ਫੋਕਵੇਅ ਐਵਨਿਊ ਤੇ ਗਰੌਸਵਰਨਰ ਪਲੇਸ ਦਰਮਿਆਨ ਲਾਏ ਗਏ ਹਨ।

ਇਸ ਦੌਰਾਨ ਮੇਅਰ ਬੌਨੀ ਕ੍ਰੌਂਬੀ ਨੇ ਆਪਣੀ ਸਿਟੀ ਦੇ ਡਰਾਈਵਰਾਂ ਲਈ ਛੱਡੇ ਗਏ ਇੱਕ ਵੀਡੀਓ ਮੈਸੇਜ ਵਿੱਚ ਆਖਿਆ ਕਿ ਉਹ ਗੱਡੀ ਸਪੀਡ ਲਿਮਿਟ ਦੇ ਅੰਦਰ ਹੀ ਚਲਾਉਣ। ਉਨ੍ਹਾਂ ਆਖਿਆ ਕਿ ਜੇ ਤੁਸੀਂ ਮਿਸੀਸਾਗਾ ਵਿੱਚ ਡਰਾਈਵ ਕਰ ਰਹੇ ਹੋਂ ਤਾਂ ਸਾਰੀਆਂ ਰੋਡਜ਼ ਨੂੰ ਬਿਲਕੁਲ ਸੇਫ ਰੱਖੋ ਤੇ ਜ਼ਿੰਮੇਵਾਰੀ ਨੂੰ ਸਮਝਦਿਆਂ ਹੋਇਆਂ ਆਪਣੀ ਸਪੀਡ ਦੀ ਹੱਦ ਵਿੱਚ ਰਹੋ। ਚੰਗੀ ਖਬਰ ਇਹ ਹੈ ਕਿ ਜੇ ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋਂ ਤੇ ਸਪੀਡ ਦੀ ਹੱਦ ਵਿੱਚ ਰਹਿੰਦੇ ਹੋਂ ਤਾਂ ਚਿੰਤਾ ਕਰਨ ਵਾਲੀ ਗੱਲ ਨਹੀਂ ਹੈ ਤੁਹਾਨੂੰ ਜੁਰਮਾਨਾ ਨਹੀਂ ਹੋਵੇਗਾ।

ਇਹ ਵੀ ਪਤਾ ਲੱਗਿਆ ਹੈ ਕਿ ਇਹ ਦੋਵੇਂ ਕੈਮਰੇ ਸਕੂਲ ਏਰੀਆ ਕਮਿਊਨਿਟੀ ਸੇਫਟੀ ਜ਼ੋਨਜ਼ ਵਿੱਚ ਮਹੀਨੇ ਵਿੱਚ ਬਦਲਵੀਆਂ ਥਾਂਵਾਂ ਉੱਤੇ ਲਾਏ ਜਾਣਗੇ। ਸਿਟੀ ਆਫ ਮਿਸੀਸਾਗਾ ਤੇ ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਥਾਂਵਾਂ ਉੱਤੇ ਤੇਜ਼ ਰਫਤਾਰੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਇਸ ਸਾਲ ਪੂਰੀ ਸਿਟੀ ਵਿੱਚ ਵੀਹ ਹੋਰਨਾਂ ਥਾਂਵਾਂ ਉੱਤੇ ਵਾਧੂ ਏਐਸਈ ਕੈਮਰੇ ਲਾਏ ਜਾਣਗੇ ਤੇ ਹਰ ਥਾਂ ਉੱਤੇ ਉਨ੍ਹਾਂ ਕੈਮਰਿਆਂ ਦੀ ਜਾਣਕਾਰੀ ਦੇਣ ਲਈ ਸਾਈਨ ਵੀ ਲਾਏ ਜਾਣਗੇ ਤਾਂ ਕਿ ਡਰਾਈਵਰਾਂ ਨੂੰ ਇਹ ਪਤਾ ਲੱਗ ਸਕੇ ਕਿ ਉਨ੍ਹਾਂ ਥਾਂਵਾਂ ਉੱਤੇ ਕੈਮਰੇ ਹਨ। ਜੀਟੀਏ ਵਿੱਚ ਮਿਸੀਸਾਗਾ ਹੀ ਅਜਿਹੀ ਕਮਿਊਨਿਟੀ ਹੈ ਜਿਸ ਨੇ ਸੱਭ ਤੋਂ ਅਖੀਰ ਵਿੱਚ ਕੈਮਰਿਆਂ ਦੀ ਵਰਤੋਂ ਸ਼ੁਰੂ ਕੀਤੀ ਹੈ। ਕ੍ਰੌਂਬੀ ਨੇ ਆਖਿਆ ਕਿ ਤੇਜ਼ ਰਫਤਾਰ ਉਨ੍ਹਾਂ ਦੀ ਸਿਟੀ ਦੀ ਬਹੁਤ ਗੰਭੀਰ ਸਮੱਸਿਆ ਹੈ, ਪਿਛਲੇ ਸਾਲ ਪੀਲ ਪੁਲਿਸ ਵੱਲੋਂ 8000 ਟਿਕਟਾਂ ਇਸ ਮਕਸਦ ਲਈ ਜਾਰੀ ਕੀਤੀਆਂ ਗਈਆਂ ਸਨ।

## ਭੀਮਾ ਕੋਰੇਗਾਓਂ ਕੇਸ ਵਾਲੇ ਸਟੇਨ ਸਵਾਮੀ ਦਾ ਮੁੰਬਈ ਹਸਪਤਾਲ ਵਿੱਚ ਦੇਹਾਂਤ

ਮੁੰਬਈ, 5 ਜੁਲਾਈ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਬਹੁ-ਚਰਚਿਤ ਭੀਮਾ ਕੋਰੇਗਾਓਂ ਦੇ ਦੋਸ਼ੀ ਸਟੇਨ ਸਵਾਮੀ ਦਾ ਅੱਜ ਸੋਮਵਾਰ ਨੂੰ ਮੁੰਬਈ ਦੇ ਭਦਰਾ ਹਸਪਤਾਲਵਿੱਚ ਦੇਹਾਂਤ ਹੋ ਗਿਆ। ਸਿਹਤ ਖ਼ਰਾਬ ਹੋਣਦੇ ਕਾਰਨ ਇਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਉਨ੍ਹਾਂ ਨੂੰ ਪਿਛਲੇ ਸਾਲ ਗ੍ਰਿਫ਼ਤਾਰ ਕੀਤਾ ਗਿਆ ਸੀ।

ਵਰਨਣ ਯੋਗ ਹੈ ਕਿ ਅਗਸਤ 2018ਵਿੱਚ ਭੀਮਾ ਕੋਰੇਗਾਓਂ ਕਾਂਡ ਤੇ ਨਕਸਲੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਤਲ ਦੀ ਸਾਜਿਸ਼ ਨਾਲ ਜੁੜੇ ਕੇਸਵਿੱਚ ਸਟੇਨ ਸਵਾਮੀ ਨੇ ਖ਼ੁਦ ਨੂੰ ਨਿਰਦੋਸ਼ ਦੱਸਿਆਸੀ। ਉਨ੍ਹਾਂ ਦੇ ਅਨੁਸਾਰ ਸਰਕਾਰ ਦੇ ਖ਼ਿਲਾਫ਼ ਬੋਲਣ ਕਾਰਨ ਉਨ੍ਹਾਂ ਨੂੰ ਫਸਾਇਆ ਗਿਆ ਸੀ।ਪਿਛਲੇ ਮੰਗਲਵਾਰ ਨੂੰ ਉਨ੍ਹਾਂ ਦੇ ਘਰ ਮਹਾਰਾਸ਼ਟਰ ਪੁਲਿਸ ਨੇ ਛਾਪਾ ਮਾਰਿਆ ਸੀ। ਮਹਾਰਾਸ਼ਟਰ ਵਿੱਚ ਪੁਣੇ ਜ਼ਿਲ੍ਹੇ ਦੇ ਭੀਮਾ-ਕੋਰੇਗਾਓਂਵਿੱਚ ਪਿਛਲੇ ਦਿਨੀਂ ਹੋਈ ਹਿੰਸਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਤਲ ਦੀ ਸਾਜਿਸ਼ ਦੇ ਲਿੰਕ ਨੂੰ ਸੁਲਝਾਉਣ ਤੇ ਸਬੂਤ ਲੱਭਣ ਮਹਾਰਾਸ਼ਟਰ ਪੁਲਿਸ ਦੀ ਟੀਮ ਪਿਛਲੇ ਮੰਗਲਵਾਰ ਰਾਂਚੀ ਗਈ ਅਤੇ ਨਾਮਕੁਨ ਥਾਣਾ ਖੇਤਰ ਦੇ ਬਗੀਚਾ ਟੋਲੀਵਿੱਚ ਫਾਦਰ ਸਟੇਨ ਸਵਾਮੀ ਦੇ ਘਰ ਕਈ ਘੰਟੇ ਤਲਾਸ਼ੀ ਕੀਤੀ ਸੀ। ਸਟੇਨ ਸਵਾਮੀ ਉੱਤੇ ਝਾਰਖੰਡ ਦੇ ਖੁੰਟੀ ਥਾਣੇਵਿੱਚ 26 ਜੁਲਾਈ 2018 ਨੂੰ ਆਈਟੀ ਐਕਟਕੇਸ ਦਰਜ ਕਰ ਕੇ ਇਸਵਿੱਚ ਦੇਸ਼ਧ੍ਰੋਹ, ਸੋਸ਼ਲ ਮੀਡੀਆ ਨਾਲ ਪਤਥਲਗੜ੍ਹੀ ਨੂੰ ਮਜ਼ਬੂਤ ਕਰਨ ਅਤੇ ਸਰਕਾਰ ਦੇ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਅਤੇ ਸਰਕਾਰੀ ਯੋਜਨਾਵਾਂ ਦਾ ਵਿਰੋਧ ਕਰਨ ਦਾ ਦੋਸ਼ ਲੱਗਾ ਸੀ।

## ਸਕੂਲਾਂ ਵਿੱਚ ਯਹੂਦੀ ਬੱਚਿਆਂ ਨਾਲ ਹੋਣ ਵਾਲੇ ਪੱਖਪਾਤ ਨੂੰ ਖ਼ਤਮ ਕਰਨ ਲਈ ਸਰਕਾਰ ਲਿਆ ਰਹੀ ਹੈ ਦੋ ਪ੍ਰੋਗਰਾਮ

ਸਫਾ 1 ਦਾ ਬਾਕੀ...
ਮੁਹੱਈਆ ਕਰਾਵੇਗਾ। ਦੂਜਾ ਵਿਦਿਆਰਥੀਆਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਹਾਸਲ ਕਰਨ ਤੇ ਅਨਿਆਂ ਨਾਲ ਲੜਨਾ ਸਿਖਾਵੇਗਾ। ਲਿਚੇ ਨੇ ਆਖਿਆ ਕਿ ਪ੍ਰੋਵਿੰਸ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਯਹੂਦੀ ਵਿਦਿਆਰਥੀ ਸਕੂਲਾਂ ਵਿੱਚ ਸੇਫ ਮਹਿਸੂਸ ਕਰਨ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ 2019 ਵਿੱਚ ਯਹੂਦੀਆਂ ਨੂੰ ਨਿਸ਼ਾਨਾ ਬਣਾਉਣ ਦੇ 296 ਮਾਮਲੇ ਪੁਲਿਸ ਕੋਲ ਦਰਜ ਕਰਵਾਏ ਗਏ।

## ਇਸ ਹਫਤੇ ਕੈਨੇਡਾ ਨੂੰ ਕੋਵਿਡ-19 ਦੀਆਂ ਹਾਸਲ ਹੋਣਗੀਆਂ 3.7 ਮਿਲੀਅਨ ਹੋਰ ਡੋਜ਼ਾਂ


ਸਫਾ 1 ਦਾ ਬਾਕੀ...
ਵੱਧ ਨੇ ਦੂਜੀ ਡੋਜ਼ ਵੀ ਹਾਸਲ ਕਰ ਲਈ ਹੈ। ਉਨ੍ਹਾਂ ਆਖਿਆ ਕਿ ਕੋਵਿਡ-19 ਵੈਕਸੀਨ ਦੀ 50 ਮਿਲੀਅਨ ਡੋਜ਼ ਕੈਨੇਡਾ ਨੂੰ ਮਿਲ ਚੁੱਕੀ ਹੈ ਤੇ ਸਰਕਾਰ ਨੂੰ ਇਸ ਮਹੀਨੇ ਦੇ ਅੰਤ ਤੱਕ ਕੁੱਲ 68 ਮਿਲੀਅਨ ਡੋਜ਼ ਮਿਲਣ ਦੀ ਸੰਭਾਵਨਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਵਾਰੀ ਗਰਮੀਆਂ ਵਧੀਆ ਰਹਿਣਗੀਆਂ ਤੇ ਸਾਲ ਦੇ ਅੰਤ ਤੱਕ ਕਾਫੀ ਕੁੱਝ ਠੀਕ ਹੋ ਜਾਵੇਗਾ। ਪਰ ਉਨ੍ਹਾਂ ਇਹ ਵੀ ਆਖਿਆ ਕਿ ਅਜੇ ਵੀ ਅਸੀਂ ਖਤਰੇ ਤੋਂ ਬਾਹਰ ਨਹੀਂ ਨਿਕਲੇ ਹਾਂ।

## ਬਾਦਲ ਸਰਕਾਰ ਵੇਲੇ ਦਾ 'ਡੈਮੋਲੀਸ਼ਨ ਮੈਨ' ਸੁਖਬੀਰ ਸੰਧੂ ਉੱਤਰਾਖੰਡ ਦਾ ਚੀਫ ਸੈਕਟਰੀ ਬਣਿਆ

* ਅੰਦਰਖਾਤੇ ਦੀ ਅਕਾਲੀ-ਭਾਜਪਾ ਗਿੱਟਮਿੱਟ ਦੀ ਚਰਚਾ

ਚੰਡੀਗੜ੍ਹ, 5 ਜੁਲਾਈ, (ਪੋਸਟ ਬਿਊਰੋ)- ਇਹ ਕੋਈ ਅੰਦਰਖਾਤੇ ਦੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝ ਦਾ ਨਤੀਜਾ ਹੈ, ਜਾਂ ਕੁਝ ਹੋਰ ਕਿ ਸਾਲ 1988 ਬੈਚ ਦੇ ਆਈਏਐੱਸ ਅਫਸਰ ਸੁਖਬੀਰ ਸਿੰਘਸੰਧੂਨੂੰ ਉੱਤਰਾਖੰਡ ਦਾ ਨਵਾਂ ਚੀਫ ਸੈਕਟਰੀ ਬਣਾਇਆ ਗਿਆ ਹੈ।ਅਕਾਲੀ-ਭਾਜਪਾ ਸਰਕਾਰ ਦੌਰਾਨ ਉਸਦੀਆਂ ਪੰਜਾਬਵਿੱਚਦਿੱਤੀਆਂ ਸੇਵਾਵਾਂ ਅੱਜ ਵੀ ਪੰਜਾਬ ਵਿੱਚ ਚਰਚਿਤ ਹਨ ਅਤੇ ਉਸ ਵਕਤ ਭਾਜਪਾ ਦੇ ਲੋਕ ਵੀ ਉਸ ਦੇ ਖਿਲਾਫ ਬੋਲਿਆ ਕਰਦੇ ਸਨ। ਮਿਲੀ ਜਾਣਕਾਰੀ ਅਨੁਸਾਰ ਵੀਹ-ਬਾਈ ਸਾਲ ਪਹਿਲਾਂ ਪੰਜਾਬ ਦੇਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਭਾਜਪਾ ਨੇਤਾ ਬਲਰਾਮ ਜੀ ਦਾਸ ਟੰਡਨ ਦੇ ਨੇੜੂ ਮੰਨੇ ਜਾਂਦੇ ਸੁਖਬੀਰ ਸਿੰਘਸੰਧੂਪੰਜਾਬ ਵਿੱਚ ਡੈਪੂਟੇਸ਼ਨ ਉੱਤੇ ਆਏ ਸਨ ਅਤੇ ਏਥੇ ਜਿਸ ਵੀ ਅਹੁਦੇ ਉੱਤੇ ਰਹੇ, ਉਨ੍ਹਾਂ ਨੇ ਆਪਣੀ ਛਾਪ ਛੱਡੀ ਸੀ, ਪਰ ਸਾਲ 2000ਵਿੱਚ ਲੁਧਿਆਣਾ ਨਗਰ ਨਿਗਮ ਦੇ ਕਮਿਸ਼ਨਰ ਵਜੋਂ ਉਨ੍ਹਾਂ ਦੇ ਕੰਮ ਅੱਜ ਤੱਕ ਚਰਚਾ ਵਿੱਚ ਹਨ। ਉਹ ਇਕ ਮੰਦਰ ਦੀ ਕੰਧ ਢਾਹੁਣ ਦੇ ਵਿਵਾਦਵਿੱਚ ਫਸ ਗਏ ਤਾਂ ਉਨ੍ਹਾਂ ਨੂੰ ਉਥੋਂ ਹਟਾ ਦਿੱਤਾ ਗਿਆ, ਪਰ ਜਦੋਂ ਤਕ ਨਗਰ ਨਿਗਮ ਦੇ ਕਮਿਸ਼ਨਰ ਰਹੇ, ਗ਼ੈਰ-ਕਾਨੂੰਨੀ ਕਬਜ਼ਿਆਂ ਨੂੰ ਹਟਾਉਣ ਕਾਰਨ ਉਨ੍ਹਾਂ ਨੂੰ 'ਡੈਮੋਲੀਸ਼ਨ ਮੈਨ' ਕਿਹਾ ਜਾਂਦਾ ਰਿਹਾ ਸੀ। ਲੁਧਿਆਣਾ ਵਰਗੇ ਪੁਰਾਣੇ ਸ਼ਹਿਰਾਂਵਿਚੋਂ ਗ਼ੈਰ-ਕਾਨੂੰਨੀ ਕਬਜ਼ੇ ਹਟਾਉਣ ਦਾ ਕੰਮ ਕਰਨ ਤੋਂ ਉਹਪਿੱਛੇ ਨਹੀਂ ਸਨ ਹਟੇ, ਜਿਸ ਕਾਰਨ ਉਨ੍ਹਾਂ ਨੂੰ ਅਹੁਦਾ ਗੁਆਉਣਾ ਪਿਆ ਸੀ। ਉਹ ਦੋ ਵਾਰ ਪੰਜਾਬਵਿੱਚਡੈਪੂਟੇਸ਼ਨ ਉੱਤੇ ਆਏ ਸਨ। ਪਹਿਲਾਂ ਅਕਾਲੀ-ਭਾਜਪਾ ਸਰਕਾਰ ਦੇ 1997-2002 ਦੇ ਰਾਜ ਵਿੱਚ ਤੇ ਫਿਰ 2007-12 ਦੇਅਕਾਲੀ-ਭਾਜਪਾ ਰਾਜ ਵੇਲੇ। ਸਾਲ 2002 ਵਿਚ ਸੱਤਾ ਬਦਲੀ ਤਾਂਕਈ ਅਫਸਰਾਂ ਨੂੰ ਆਪੋ-ਆਪਣੇ ਰਾਜਾਂਨੂੰ ਜਾਣਾ ਪਿਆ ਤਾਂ ਸੁਖਬੀਰਸੰਧੂ ਵੀ ਉੱਤਰਾਖੰਡ ਚਲੇ ਗਏ, ਪਰ 2007 ਵਿਚ ਜਦੋਂ ਅਕਾਲੀ-ਭਾਜਪਾ ਸਰਕਾਰ ਬਣੀ ਤਾਂ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਲੈ ਆਏਤੇ ਪੰਜਾਬ ਇੰਫ੍ਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਦਾ ਐੱਮਡੀ ਲਾਇਆ ਸੀ। ਚੰਡੀਗੜ੍ਹ-ਬਠਿੰਡਾ, ਬਠਿੰਡਾ-ਅੰਮ੍ਰਿਤਸਰ, ਲੁਧਿਆਣਾ-ਫਿਰੋਜ਼ਪੁਰ ਆਦਿ ਦੇ ਹਾਈਵੇ ਪ੍ਰਾਜੈਕਟ ਸੁਖਬੀਰਸੰਧੂ ਨੇ ਬਣਾਏ ਸਨ ਅਤੇ ਸਟੇਟ ਹਾਈਵੇਜ਼ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਵਿਚ ਬਣਾ ਕੇ ਉਨ੍ਹਾਂ ਕਈ ਕੰਮ ਸਿਰੇ ਚਾੜ੍ਹੇ ਸਨ। ਇਸ ਦੌਰਾਨ ਉਹ ਵਿਵਾਦਾਂ ਵਿੱਚ ਵੀ ਰਹੇ ਅਤੇ ਅਕਾਲੀ ਦਲ ਨਾਲ ਉਨ੍ਹਾਂ ਦੀ ਸਾਂਝ ਭਾਜਪਾ ਤੋਂ ਵੀ ਵੱਧ ਮੰਨੀ ਜਾਂਦੀ ਸੀ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE



Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK) Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਬੰਦ ਕੀਤੀ ਜਾਵੇ ਗੁਰੂ ਗ੍ਰੰਥ ਸਾਹਿਬ ਜੀ ਉਪਰ ਸਿਆਸਤ ਖੇਡਣੀ

ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖ ਜਗਤ ਦੇ ਹੀ ਨਹੀਂ ਬਲਕਿ ਪੂਰੀ ਮਨੁੱਖਤਾ ਦੇ ਅਧਾਰ ਹਨ। ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦੇ ਇੱਕਲੌਤੇ ਅਜਿਹੇ ਗ੍ਰੰਥ ਹਨ, ਜਿੰਨਾ ਵਿੱਚ ਹਰ ਧਰਮ, ਹਰ ਮਜਹਬ ਅਤੇ ਹਰ ਜਾਤ ਨੂੰ ਸਤਿਕਾਰ ਦਿੱਤਾ ਗਿਆ ਹੈ। ਅੱਜ ਦੇ ਸਮੇਂ ਵਿੱਚ ਇੱਕ ਸੁਚੱਜੀ ਜੀਵਨ ਜਾਂਚ ਲਈ ਗੁਰੂ ਸਾਹਿਬ ਦੀ ਗੁਰਬਾਣੀ ਇੱਕ ਬਹੁਤ ਵੱਡਾ ਮਾਰਗ ਦਰਸ਼ਕ ਹੈ।

ਜੇਕਰ ਮੌਜੂਦਾ ਹਾਲਾਤਾਂ ਦੀ ਗੱਲ ਕੀਤੀ ਜਾਵੇ ਤਾਂ ਭ੍ਰਿਸ਼ਟ ਰਾਜਨੀਤੀ ਨੇ ਭ੍ਰਿਸ਼ਟਾਚਾਰ ਫੈਲਾਉਣ, ਕੁਰਸੀ ਹਥਿਆਉਣ ਲਈ ਸਮੇਂ ਸਮੇਂ ਤੇ ਹਰ ਹੱਥ ਕੰਡਾ ਵਰਤਿਆ। ਕਦੇ ਦੰਗੇ ਕਰਵਾਏ, ਕਦੇ ਗੁਰੂ ਘਰ ਹਮਲੇ, ਕਦੇ ਨਿਰਦੋਸ਼ ਸਿੱਖਾਂ ਦੇ ਕਤਲ ਅਤੇ ਕਦੇ ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ........!

2015 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ (ਗੁਰੂ ਗਰੰਥ ਸਾਹਿਬ ਦੀ ਅਪਵਿੱਤ੍ਰਤਾ), ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਦੀ ਬੇਇੱਜ਼ਤੀ ਦੀਆਂ ਘਟਨਾਵਾਂ ਦੀ ਇੱਕ ਲੜੀ ਹੈ ਅਤੇ ਅਕਤੂਬਰ 2015 ਵਿੱਚ ਪੰਜਾਬ, ਭਾਰਤ ਵਿੱਚ ਹੋਏ ਅਨੇਕਾਂ ਵਿਰੋਧ ਪ੍ਰਦਰਸ਼ਨ ਅਤੇ ਰੋਸ ਮੁਜ਼ਾਹਰੇ ਦੀ ਇੱਕ ਲੜੀ ਦਾ ਹਵਾਲਾ ਹੈ। ਬਰਗਾੜੀ, ਫਰੀਦਕੋਟ ਜ਼ਿਲੇ ਵਿੱਚ ਬੇਅਦਬੀ ਦੀ ਪਹਿਲੀ ਘਟਨਾ ਦੱਸੀ ਜਾਂਦੀ ਹੈ, ਜਿੱਥੇ 12 ਅਕਤੂਬਰ ਨੂੰ ਪਵਿੱਤਰ ਗੁਰੂ ਸਾਹਿਬ ਦੇ 110 ਅੰਗ ਫਟੇ ਹੋਏ ਮਿਲੇ ਸਨ। 14 ਅਕਤੂਬਰ ਦੀ ਸਵੇਰ ਨੂੰ, ਪੁਲਿਸ ਨੇ ਇੱਕ ਨਿਰ-ਦੋਸ਼ ਹਥਿਆਰਬੰਦ ਹਮਲੇ ਦੌਰਾਨ ਦੋ ਸਿੱਖ ਪ੍ਰਦਰਸ਼ਨਕਾਰੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਜਦੋਂ ਕਿ ਸਿੱਖ ਸ਼ਾਂਤੀਪੂਰਨ ਵਿਰੋਧ ਵਿੱਚ ਬੈਠੇ ਹੋਏ ਸਨ। ਇਨ੍ਹਾਂ ਘਟਨਾਵਾਂ ਨੂੰ ਯੂ.ਕੇ., ਅਮਰੀਕਾ ਅਤੇ ਕੈਨੇਡਾ ਵਿੱਚ ਸਿੱਧੇ ਤੌਰ 'ਤੇ ਸਿੱਖ ਜਥੇਬੰਦੀਆਂ ਵੱਲੋਂ ਨਿੰਦਾ ਕੀਤੀ ਗਈ ਸੀ। 20 ਨਵੰਬਰ ਨੂੰ, ਪੰਜਾਬ ਕੈਬਨਿਟ ਨੇ ਧਰਮ ਅਪਵਿਤ੍ਰਤਾ ਦੀ ਸਜ਼ਾ ਨੂੰ ਤਿੰਨ ਸਾਲਾਂ ਦੀ ਕੈਦ ਤੋਂ ਉਮਰ ਕੈਦ ਵਿੱਚ ਵਧਾਉਣ ਦਾ ਪ੍ਰਸਤਾਵ ਕੀਤਾ। ਇਹ ਬਿੱਲ 22 ਮਾਰਚ 2016 ਨੂੰ ਪਾਸ ਕੀਤਾ ਗਿਆ । ਇਸ ਉਪਰੰਤ ਹੋਰ ਵੀ ਕਈ ਜਗਾਵਾਂ ਤੇ ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹੇ । ਬੀਤੇ ਦਿਨੀਂ ਭਵਾਨੀਗੜ੍ਹ ਦੇ ਪਿੰਡ ਜੋਲੀਆਂ ਵਿਖੇ ਇੱਕ ਔਰਤ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਮਲਾ ਸਾਹਮਣੇ ਆਇਆ। ਮੈਨੂੰ ਨਹੀਂ ਲੱਗਦਾ ਕਿ ਸਾਡੇ ਲਈ ਇਸ ਤੋਂ ਵੱਡੀ ਦੁਰਭਾਗਤਾ ਦੀ ਗੱਲ ਕੋਈ ਹੋਰ ਹੋਵੇਗੀ ਕੋਈ ਵੀ ਜਨਾ ਖਨਾ ਆ ਕੇ ਜਗਤ ਗੁਰੂ , ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਜਾਵੇ। ਜਿਸ ਦਿਨ ਦੀ ਬੇਅਦਬੀ ਹੋਈ ਹੈ , ਮਨ ਵਿੱਚ ਅਨੇਕਾਂ ਸਵਾਲ ਆ ਰਹੇ ਸਨ? ਜਿੰਨਾ ਦਾ ਜਵਾਬ ਲੱਭਣ ਦਾ ਯਤਨ ਕਰ ਰਹੀ ਸਾਂ, ਸੋਚਦਿਆਂ ਵਿਚਾਰਦਿਆਂ ਸਭ ਤੋਂ ਪਹਿਲਾਂ ਇਹ ਗੱਲ ਜਹਿਣ ਵਿੱਚ ਆਈ ਕਿ ਹਰ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਨੂੰ ਅਖੀਰ ਤੇ ਮਾਨਸਿਕ ਤੌਰ ਤੇ ਪਰੇਸ਼ਾਨ ਕਿਉਂ ਦੱਸ ਦਿੱਤਾ ਜਾਂਦਾ ਹੈ? ਇੱਥੇ ਦੋ ਗੱਲਾਂ ਹੋਰ ਸੋਚਣ ਵਾਲੀਆਂ ਹਨ! ਪਹਿਲੀ ਤਾਂ ਇਹ ਕਿ ਜੇਕਰ ਬਿਲਕੁਲ ਇਸੇ ਤਰ੍ਹਾਂ ਕਿਸੇ ਮਾਨਸਿਕ ਰੋਗੀ ਦੁਆਰਾ ਕਿਸੇ ਇਨਸਾਨ ਦਾ ਕਤਲ ਕਰ ਦਿੱਤਾ ਜਾਵੇ ਤਾਂ ਕੀ ਕਾਨੂੰਨ ਜਾਂ ਉਸਦੇ ਪਰਿਵਾਰਿਕ ਮੈਬਰਾ ਉਸਨੂੰ ਮੁਆਫ਼ ਕਰਨਗੇ? ਦੂਸਰੀ ਗੱਲ ਇਹ ਸੋਚਣ ਵਾਲੀ ਹੈ ਕਿ ਕਿਤੇ ਇਹ ਕਿਸੇ ਦੀ ਸੋਚੀ ਸਮਝੀ ਚਾਲ ਤਾਂ ਨਹੀਂ , ਕਿ ਪਹਿਲਾਂ ਕਿਸੇ ਕੋਲੋਂ ਬੇਅਦਬੀ ਕਰਵਾ ਲਈ ਜਾਵੇ ਅਤੇ ਫਿਰ ਉਸਨੂੰ ਮਾਨਸਿਕ ਤੌਰ ਤੇ ਪਰੇਸ਼ਾਨ ਹੋਣ ਦਾ ਬਹਾਨਾ ਲਗਾ ਬਚਾ ਲਿਆ ਜਾਵੇ। ਮੰਨਿਆ ਕਿ ਕੋਈ ਮਾਨਸਿਕ ਤੌਰ ਉੱਪਰ ਪਰੇਸ਼ਾਨ ਹੈ ਤਾਂ ਉਸਨੇ ਆਪਣੇ ਘਰ ਨੂੰ ਅੱਗ ਕਿਉਂ ਨਾ ਲਗਾਈ, ਉਸਨੇ ਆਪਣੇ ਆਪ ਨੂੰ ਅੱਗ ਕਿਉਂ ਨਾ ਲਗਾਈ, ਦਿਮਾਗੀ ਤੌਰ ਤੇ ਪਰੇਸ਼ਾਨ ਇਹਨਾਂ ਮਰੀ ਜਮੀਰ ਵਾਲਿਆਂ ਨੂੰ ਗੁਰੂ ਘਰ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹੀ ਕਿਉਂ ਨਜ਼ਰ ਆਉਂਦੇ ਹਨ।

ਇਹਨਾਂ ਸਾਰੀਆਂ ਘਟਨਾਵਾਂ ਪਿੱਛੇ ਬਹੁਤ ਗਹਿਰੇ ਰਾਜ ਛਿਪੇ ਹੋਏ ਹਨ। ਸੱਚ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਹਾਂ ਜੇਕਰ ਅਸੀਂ ਅੱਖਾਂ ਉੱਪਰ ਪੱਟੀ ਬੰਨਣੀ ਹੈ ਤਾਂ ਉਹ ਗੱਲ ਵੱਖਰੀ ਹੈ!

ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ, ਹਿੰਸਾ ਫੈਲਾਉਣ, ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਫਿਰ ਪੰਥ ਦਰਦੀ ਹੋਣ ਦਾ ਨਾਟਕ ਕਰਨਾ ਇਹ ਸਭ ਸੋਚੀਆਂ ਸਮਝੀਆਂ ਚਾਲਾਂ ਹਨ। ਅੱਜ ਸਾਡੀ ਇਸ ਤੋਂ ਵੱਡੀ ਬਦਕਿਸਮਤੀ ਕੀ ਹੋ ਸਕਦੀ ਹੈ ਕਿ ਅੱਜ ਸਾਡੇ ਗੁਰੂ ਸਾਹਿਬ ਨੂੰ ਵੀ ਇਸ ਗੰਦੀ ਰਾਜਨੀਤੀ ਦੇ ਚੱਕਰ ਵਿੱਚ ਇੱਕ ਮੋਹਰੇ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ। ਇਸਤੋਂ ਵੀ ਵੱਧ ਅਫਸੋਸ ਦੀ ਗੱਲ ਇਹ ਹੈ ਕਿ ਇਹ ਮਸਲਾ ਵੀ ਪੁਰਾਣੇ ਕੇਸਾਂ ਦੀ ਤਰ੍ਹਾਂ ਕੋਰਟ ਕਚਿਹਰੀਆਂ ਦੀਆਂ ਫਾਈਲਾਂ ਵਿੱਚ ਦਫਨ ਹੋਕੇ ਰਹਿ ਜਾਵੇਗਾ। ਅੱਜ ਸਾਡੀ ਕੌਮ ਦੀ ਤਰਾਸਦੀ ਹੈ ਕਿ ਸਾਡੀ ਕੌਮ ਦੀ ਯੋਗ ਅਗਵਾਈ ਕਰਨ ਵਾਲੇ ਪੰਥਕ ਆਗੂ ਨਹੀਂ ਹਨ, ਜਿਹੜੇ ਹਨ ਉਹਨਾਂ ਦੇ ਮੂੰਹ ਪੂਰੀ ਤਰ੍ਹਾਂ ਬੰਦ ਕੀਤੇ ਹੋਏ ਹਨ, ਜਾਂ ਜੇਲ੍ਹਾਂ ਵਿੱਚ ਤਾੜੇ ਹੋਏ ਹਨ। ਪਰ ਗੁਰਬਾਣੀ ਦਾ ਫੁਰਮਾਨ ਹੈ ਕਿ

" ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।। "

ਜੋ ਲੋਕ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੇ ਚੱਕਰ ਵਿੱਚ ਜਾਂ ਕਿਸੇ ਹੋਰ ਰੰਜਿਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨਾਲ ਛੇੜਛਾੜ ਕਰ ਰਹੇ ਹਨ, ਉਹਨਾਂ ਨੂੰ ਉਹਨਾਂ ਦੁਆਰਾ ਕੀਤੇ ਦੁਸ਼ਕਰਮਾ ਸਜ਼ਾ ਆਪ ਮਿਲੇਗੀ। ਜਿਵੇਂ ਢਾਡੀ ਮਹਿਲ ਸਿੰਘ ਜਫਰਨਾਮੇ ਵਿੱਚ ਜਿਕਰ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ ਸਮੇਂ ਇੱਕ ਔਰੰਗਾ ਸੀ, ਪਰ ਹੁਣ ਚੱਪੇ ਚੱਪੇ ਤੇ ਔਰੰਗੇ ( ਔਰੰਗਜ਼ੇਬ) ਬੈਠੇ ਹੋਏ ਹਨ ਜੋ ਸਿੱਖੀ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲ ਰਹੇ ਹਨ, ਪਰ ਅਖੀਰ ਖਹਿੜਾ ਇਹਨਾਂ ਦਾ ਵੀ ਵਾਹਿਗੁਰੂ ਦੇ ਨਾਮ ਨਾਲ ਹੀ ਛੁਟਣਾ ਹੈ।

ਅੱਜ ਜਰੂਰਤ ਹੈ ਪੰਥ ਦਰਦੀਆਂ ਨੂੰ ਹੰਭਲਾ ਮਾਰਣ ਦੀ, ਇੱਕ ਜੁਟ ਹੋ ਇਸ ਕੋਝੀ ਰਾਜਨੀਤੀ ਦਾ ਪਰਦਾ ਫਾਸ਼ ਕਰਨ ਦੀ। ਪੰਥਕ ਆਗੂ ਆਪਣੀ ਜਿੰਮੇਵਾਰੀ ਨੂੰ ਸਮਝਣ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਣ ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਘਟਨਾ ਨੂੰ ਅੰਜਾਮ ਦੇਣ ਬਾਰੇ ਨਾ ਸੋਚ ਸਕੇ।

*-ਹਰਕੀਰਤ ਕੌਰ*
*9779118066*




ਕੇਅਰਗੀਵਰ ਦੀ ਲੋੜ CAREGIVER NEEDED

ਸਕਾਰਬਰੋ ਦੇ ਬ੍ਰਿਮਲੀ ਤੇ ਫਿੰਚ ਏਰੀਏ ਵਿਚ ਇਕੱਲੀ ਮਾਤਾ ਦੀ ਦੇਖਭਾਲ ਲਈ ਲਿਵ-ਇਨ ਕੇਅਰਗੀਵਰ ਦੀ ਲੋੜ ਹੈ। ਰਹਿਣ ਅਤੇ ਖਾਣ ਦਾ ਪ੍ਰਬੰਧ ਹੋਵੇਗਾ। ਜਲਦੀ ਸ਼ੁਰੂ ਕਰ ਸਕਦੇ ਹੋ। ਤਨਖਾਹ ਤੇ ਹੋਰ ਜਾਣਕਾਰੀ ਲਈ ਟੈਕਸਟ ਜਾਂ ਕਾਲ ਕਰੋ:

Mature, Caregiver needed for elderly mom in Scarborough Brimley/ Finch area. Includes free meals & accomodation. Price is negotiable.

Harmeet: 416-845-0905


## ਕਵਿਤਾ

### ਉਡੀਕ ਬਾਰੇ...

ਉਡੀਕ ..?
ਕੀ ਕਹਾਂ ਉਡੀਕ ਬਾਰੇ..?
ਬੱਸ ਇੰਨਾ ਹੀ ਕਹਾਂਗਾ ਕਿ...
ਉਡੀਦੇ ਦੋ ਰੂਪ ਹੁੰਦੇ ਨੇ...
ਇਕ ਓਹ ਉਡੀਕ..
ਜੋ ਖਤਮ ਹੋ ਜਾਂਦੀ ਹੈ...
ਤੇ ਖਤਮ ਹੋਣ ਤੇ...
ਬੇਅੰਤ ਸਕੂਨ-ਏ-ਰੂਹ ਬਖਸ਼ਦੀ ਹੈ..
ਤੇ ਦੂਜੀ ਉਹ...
ਜੋ ਕਦੇ ਖਤਮ ਨਹੀਂ ਹੁੰਦੀ...
ਦਿਨ, ਮਹੀਨੇ, ਸਾਲ ਤੇ ਸ਼ਾਇਦ..
ਤਾ-ਉਮਰ...
ਆਖਰੀ ਸਾਹਾਂ ਤੱਕ ਵੀ...
ਅਸਹਿ ਪੀੜਾਂ, ਹਿਜਰ ਤੇ ਵਿਛੋੜੇ ਦੇ..
ਲਾਬੂੰਆ ਤਾਈਂ ਸਾੜਦੀ...
ਬੇਰੋਕ..ਬੇਰਹਿਮੀ ਨਾਲ...
ਤੇ ਅੱਜ ਇਹੋ ਉਡੀਕ...
ਹੰਝੂਆਂ ਨਾਲ ਭਿੱਜੇ...
ਮੋਹ ਦੇ ਰੰਗ-ਰੱਤੇ...
ਸ਼ਬਦਾਂ ਦੇ ਵਸਤਰ ਧਾਰ...
ਕਦੇ ਇਹ ਕਵਿਤਾ ਦਾ ਰੂਪ ਲੈ ਲੈਂਦੀ ਹੈ...
ਤੇ ਕਦੇ ਗੀਤ ਬਣ ਜਾਂਦੀ ਹੈ...
ਅਰਦਾਸ-ਕਾਮਨਾ ਕਰਨਾ ਕਿ...
ਇਹ ਉਡੀਕ...
ਜ਼ਿੰਦਗੀ ਦੇ ਕਿਸੇ ਐਸੇ ਮੋੜ ਤੇ...
ਖਤਮ ਹੋ ਜਾਵੇ...
ਜਿੱਥੋਂ...
ਮੈਂ ਫੇਰ ਜਿਉਦਿਆਂ ਚ ਹੋ ਜਾਵਾਂ...
...ਆਮੀਨ।

*-ਗੁਰਬਾਜ ਸਿੰਘ*
*8837644027*

## ਗ਼ਜ਼ਲ ਛੋਟੀ ਬਹਿਰ



ਜਦੋਂ ਤੱਕ ਜਾਨ ਬਾਕੀ ਏ।
ਮੇਰਾ ਈਮਾਨ ਬਾਕੀ ਏ।

ਨਹੀਂ ਮਿਲਿਆ ਸਹਾਰਾ,
ਬਥੇਰਾ ਤਾਣ ਬਾਕੀ ਏ।

ਗ਼ਰੂਰ ਤੇਰਾ ਨਾ-ਮਨਜ਼ੂਰ,
ਕੋਲ਼ ਜੋ ਸ਼ਾਨ ਬਾਕੀ ਏ।

ਹੋਣਗੇ ਗਿਰਗਟ ਲੋਕ ਵੀ,
ਕੀਤੀ ਜ਼ੁਬਾਨ ਬਾਕੀ ਏ।

ਕਿਉਂ ਵੱਟੀ ਚੁੱਪ, ਖੋਲ੍ਹ ਮੂੰਹ,
ਤੋਹਮਤੀ ਇਨਾਮ ਬਾਕੀ ਏ।

ਨਾ ਝੱਲੀਏ ਤੇਰਾ ਸਿਤਮ,
ਹੱਥ ਕਮਾਨ ਬਾਕੀ ਏ।

ਛੱਡ ਸਕਾਂ ਨਾ ਮਹਿਫਿਲ,
ਤੇਰਾ ਆਗਮਾਨ ਬਾਕੀ ਏ।

ਇੱਕ ਮੁਲਾਕਾਤ ਬੜੀ ਜਰੂਰੀ,
ਤੇਰਾ ਕੁੱਝ ਸਮਾਨ ਬਾਕੀ ਏ।

ਕਹਾਂ ਕਿਉਂ ਨਾ ਝੂਠਾ ਤੈਨੂੰ,
ਹੋਣਾ ਬਦਨਾਮ ਬਾਕੀ ਏ।

ਚੰਗਾ ਬਣਿਆਂ ਨਹੀਂ ਜਾਣਾ,
ਜਦੋਂ ਤੱਕ ਸ਼ੈਤਾਨ ਬਾਕੀ ਏ।

ਕਾਨੀ ਫੜ੍ਹੀ ਰੱਖ 'ਹਕੀਰ'
ਅਜੇ ਇਮਤਿਹਾਨ ਬਾਕੀ ਏ।

ਸੁਲੱਖਣ ਸਿੰਘ

## ਕਿਰਸਾਨੀ ਤੇ ਕਬਿੱਤ

ਹਲ਼ ਵਾਹੇ ,ਨੱਕੇ ਮੋੜੇ,ਮਿੱਟੀ ਨਾਲ ਮਿੱਟੀ ਹੋਵੇ,
ਤਪ ਔਖਾ ਹੁੰਦਾ ਬੜਾ,ਲੋਕੋ ਵਾਹੀਵਾਨੀ ਦਾ।
ਸੱਪਾਂ ਦੀਆਂ ਸਿਰੀਆਂ ਜੋ,ਦਿਨ ਰਾਤ ਮਿਧਦਾ ਏ,
ਜਿਗਰਾ ਕਿਸਾਨ ਦਾ ਹੈ,ਕੰਮ ਨਹੀਂ ਗਿਆਨੀ ਦਾ।
ਫ਼ਕਿਰਾਂ ਨੇ ਝੰਬੀ ਦੇਹੀ,ਕਰਜ਼ੇ ਨੇ ਮੱਤ ਮਾਰੀ,
ਲੰਘ ਜਾਏ ਏਸੇ ਤਰ੍ਹਾਂ,ਪਹਿਰ ਵੀ ਜਵਾਨੀ ਦਾ।
ਰੁੱਖਾਂ ਦੀ ਜਿਰਾਂਦ ਕਰ, ਖੜ੍ਹਾ ਰਾਖੀ ਫ਼ਸਲਾਂ ਦੀ,
ਕੱਕਰਾਂ ਚ ਠਰੇ ਜਿਹੜਾ ,ਪੁੱਤ ਓਹ ਕਿਸਾਨੀ ਦਾ।

*-ਰਾਜਨਦੀਪ ਕੌਰ ਮਾਨ*
*6239326166*


ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

ਸੰਪਰਕ: 647-391-3365

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-



Karnail Singh


416.670.3173 | 905.799.7333
27 Edvac Dr, Brampton, ON L6S 5X8



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143



RE/MAX GOLD
realtorkamalsandhu@gmail.com
www.arearealtor.com

Looking For a Nest..? Call the Best



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਸਿੱਖ-ਭਾਈਚਾਰਾ ਗਤੀਸ਼ੀਲ ਅਤੇ ਪ੍ਰਗਤੀਸ਼ੀਲ ਹੈ-ਅੱਤਵਾਦੀ ਅਤੇ ਖਾਲਿਸਤਾਨੀ ਨਹੀਂ



ਇਹ ਗੱਲ ਮਨਣੀ ਪੈਂਦੀ ਹੈ ਕਿ ਸਿਖ ਭਾਈਚਾਰਾ ਗਤੀਸ਼ੀਲ ਹੈ ਅਤੇ ਅਜ ਅਗਰ ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਕੇ ਦੇਖਦੇ ਹਾਂ ਤਾਂ ਸਿਖ ਭਾਈਚਾਰੇ ਦੇ ਲੋਕੀਂ ਮਿਲ ਜਾਂਦੇ ਹਨ ਅਤੇ ਅਸੀਂ ਇਹ ਵੀ ਦੇਖਦੇਹਾਂ ਪਏ ਕਿ ਸਿਖ ਭਾਈਚਾਰੇ ਦੇ ਲੋਕੀਂ ਕਿਸੇ ਵੀ ਦੇਸ਼ ਵਿੱਚ ਜਾਂ ਭਾਰਤ ਦੇ ਕਿਸੇ ਵੀ ਪ੍ਰਦੇਸ਼ ਵਿੱਚ ਗਏ ਹਨ ਉਥੇ ਦੇ ਹੀ ਹੋਕੇ ਰਹਿ ਗਏ ਹਨ ਅਤੇ ਉਸ ਇਲਾਕੇ ਦੇ ਲੋਕਾਂ ਵਿੱਚ ਇਉਂ ਮਿਲ ਗਏਹਨ ਜਿਵੇਂ ਉਸ ਇਲਾਕੇ ਦੇ ਹੀ ਵਾਸੀ ਹੁੰਦੇ ਹਨ।

ਅਸਾਂ ਇਹ ਵੀ ਦੇਖਿਆ ਹੈ ਕਿ ਸਿਖ ਭਾਈਚਾਰ ਪ੍ਰਗਤੀਸ਼ੀਲ ਹੈ ਅਤੇ ਤਰਕੀ ਕਰਨਾ ਚਾਹੁੰਦਾ ਹੈ। ਅਜ ਦਾ ਸਿਖ ਭਾਈਚਾਰਾ ਦਬ ਕੇ ਕਮਾ ਅਤੇ ਰਜਕੇ ਖਾ ਵਿੱਚ ਵਿਸ਼ਵਾਸ ਰਖਦਾ ਹੈ। ਅਗਰ ਅਸੀਂ ਅਜ ਸਿਖਾਂ ਦੇ ਰਹਿਣ ਸਹਿਣ ਅਤੇ ਜੀਵਨ ਪਧਰ ਵਲ ਝਾਤੀ ਮਾਰਦੇਹਾਂ ਤਾਂ ਸਿਖਾਂ ਦੇ ਚਿਹਰੇ ਹੀ ਦਸ ਦਿੰਦੇ ਹਨ ਕਿ ਇਹ ਭਾਈਚਾਰਾ ਖਾਂਦਾ ਪੀਂਦਾ ਹੈ ਅਤੇ ਇੰਨ੍ਹਾਂ ਦੀਆਂ ਰਸੋਈਆਂ ਵਿਚੋਂ ਉਠਦੀਆ ਖੁਸ਼ਬੂਈਆਂ ਵਡੇ ਵਡੇ ਲੋਕਾਂ ਦੇ ਮੂੰਹ ਵਿਚ ਪਾਣੀ ਲਿਆ ਦਿੰਦੀਆਂ ਹਨ।

ਸਿੱਖ ਭਾਈਚਾਰਾ ਆਪਣੇ ਵਕਤਾਂ ਵਿੱਚ ਬੜੀ ਮਾਰ ਖਾ ਬੈਠਾ ਹੈ ਅਤੇ ਅਗਰ ਅਜ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਦੀ ਗਲ ਹੀ ਕਰਦੇ ਹਾਂ ਤਾਂ ਸਿਖਾਂ ਦੇ ਗੁਰੂ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਆਦਮੀ ਸਨ ਜਿੰਨ੍ਹਾਂ ਨੇ ਇਹ ਆਖ ਦਿਤਾ ਸੀ, ਪਾਪ ਕੀ ਜੰਜ ਲੈ ਕਾਬਲੋਂ ਧਾਇਆ, ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ ਅਤੇ ਸਾਡਾ ਇਤਿਹਾਸ ਗਵਾਹ ਹੈ ਕਿ ਮੁਸਲਮਾਨੀ ਰਾਜ ਦੇ ਵਕਤਾਂ ਵਿੱਚ ਜਿਤਨੇ ਜ਼ਲਮ ਸਿਖਾਂ ਉਤੇ ਮੁਗਲਾਂ ਨੇ ਕੀਤੇ ਸਨ ਸ਼ਾਇਦ ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਉਤੇ ਵੀ ਨਾ ਕੀਤੇ ਗਏ ਹੋਣ। ਕਈ ਸਿਖ ਚਰਖੜੀਆਂ ਉਤੇ ਚਾੜ੍ਹਕੇ ਮਾਰੇ ਗਏ। ਕਈ ਸਿਖ ਆਰਿਆਂਨਾਲ ਚੀਰਕੇ ਮਾਰੇ ਗਏ। ਕਈ ਸਿਖਾਂ ਦੀਆਂ ਖੋਪਰੀਆਂ ਰੰਬੀਆਂ ਨਾਲ ਉਤਾਰੀਆਂ ਗਈਆਂ, ਕਈ ਸਿਖਾਂ ਨੂੰ ਜਮੂਰਾ ਨਾਲ ਮਾਸ ਨੋਚ ਨੋਚਕੇ ਮਾਰਿਆ ਗਿਆ। ਕਈ ਸਿਖਾਂ ਨੂੰ ਉਬਲਦੀਆਂ ਦੇਗਾਂ ਵਿੱਚ ਪਾਇਆ ਗਿਆ। ਕਈ ਸਿਖਾਂ ਉਤੇ ਤਤੀਆਂ ਰੇਤਾਂ ਪਾਈਆਂ ਗਈਆਂ। ਕਈ ਸਿਖਾਂ ਨੂੰ ਤਤੀਆਂ ਤਵੀਆਂ ਉਤੇ ਬਿਠਾਇਆ ਗਿਆ। ਨਿਕੇ ਨਿਕੇ ਮਾਸੂਮਾਂ ਨੂੰ ਜਿਉਂਦਿਆ ਕੰਧਾ ਵਿੱਚ ਚਿਣ ਦਿਤਾ ਗਿਆ। ਅਰਥਾਤ ਮੁਸਲਮਾਨਾਂ ਦੇ ਕੁਰਾਨ ਵਿੱਚ ਜਿਤਨੀਆਂ ਵੀ ਸਜ਼ਾਵਾਂ ਲਿਖੀਆਂ ਹਨ, ਕਿਸੇ ਮੁਸਲਮਾਨ ਉਤੇ ਇਹ ਵਰਤੀਆਂ ਗਈਆਂ ਸਨ ਜਾਂ ਨਹੀਂ ਸਾਨੂੰ ਨਹੀਂ ਪਤਾ ਪਰ ਮੁਸਲਮਾਨਾ ਨੇ ਇਹ ਸਜ਼ਾਵਾਂ ਸਿਖਾਂ ਵਓਤੇ ਵਰਤਕੇ ਦੇਖਆਂ ਸਨ।

ਅਗਰ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਦੀ ਗਲ ਕਰਦੇ ਹਾਂ ਤਾਂ ਇਹ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵਕਤਾਂ ਵਿੱਚ ਹੀ ਬਾਕਾਇਦਾ ਚਲਾ ਦਿਤੀ ਗਈ ਸੀ ਅਤੇ ਅਸਾਂ ਇਤਿਹਾਸ ਵਿੱਚ ਪੜ੍ਹਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸ੍ਰਿਘ ਜੀ ਨੇ ਤਾਂ ਬਾਕਾਇਦਾ ਫੌਜ ਬਣਾਕੇ ਮੁਗਲਾਂ ਤੋਂ ਆਜ਼ਾਦੀ ਲਈ ਜੰਗ ਛੇੜ ਦਿਤੀ ਸੀ ਅਤੇ ਅਗਰ ਅਸੀਂ ਅੰਗਰੇਜ਼ਾਂ ਪਾਸੋਂ ਆਜ਼ਾਦੀ ਦੀ ਜੰਗ ਦੀ ਗਲ ਕਰਦੇ ਹਾਂ ਤਾਂ ਇਸ ਵਿਚ ਫਾਂਸੀਆਂ ਉਤੇ ਲਟਕਾਏ ਗਏ, ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ, ਜੇਨ੍ਹਾਂ ਵਿੱਚ ਬੰਦ ਕੀਤੇ ਗਏ ਅਤੇ ਅਗਰ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਦੀ ਗਲ ਕਰਦੇ ਹਾਂ ਤਾਂ ਸਿਖਾਂ ਦੀ ਗਿਣਤੀ ਘਟ ਨਹੀਂ ਰਹੀ ਹੈ ਬਲਕਿ ਆਪਣੀ ਆਬਾਦੀ ਦੇ ਲਿਹਾਜ਼ ਨਾਲ ਸਦਾ ਹੀ ਜ਼ਿਆਦਾ ਰਹੀ ਹੈ।

ਆਜ਼ਾਦੀ ਬਾਅਦ ਇਹ ਜਿਹੜਾ ਭਾਰਤ ਬਣਿਆ ਹੈ ਇਸ ਵਿਚ ਚਾਹੇ ਖੇਤੀ ਦਾ ਖੇਤਰ ਸੀ, ਚਾਹੇ ਮਿਲਟਰੀ ਦਾ ਖੇਤਰ ਸੀ, ਚਾਹੇ ਵਿਉਪਾਰ ਦਾ ਖੇਤਰ ਸੀ,। ਚਾਹੇ ਪ੍ਰਸ਼ਾਸਨ ਦਾ ਖੇਤਰ ਸੀ ਸਿਖ ਭਾਈ ਚਾਰਾ ਸਭਤੋਂ ਮੂਹਰੀ ਰਿਹਾ ਹੈ ਅਤੇ ਬੇਸ਼ਕ ਬਟਵਾਰੇ ਵਕਤ ਵੀ ਖਾਲਿਸਤਾਨ ਦੀ ਗਲ ਤੁਰ ਪਈ ਸੀ, ਪਰ ਸਿਆਣੇ ਸਿਖਾਂ ਨੇ ਇਹ ਫੈਸਲਆ ਕਰ ਲਿਆਂ ਸੀ ਕਿ ਸਿਖ ਭਾਰਤ ਨਾਲ ਹੀ ਰਹਿਣਗ। ਅਤੇ ਇਸ ਲਿਹਾਜ਼ ਨਾਲ ਸਿਖ ਭਾਰਤ ਦੈ ਪਹਿਲੇ ਨਾਗਰਿਕ ਬਣ ਜਾਂਦੇ ਹਨ ਅਤੇ ਅਸਾਂ ਦੇਖਿਆ ਵੀ ਹੈ ਕਿ ਸਿਖ ਭਾਈਚਾਰੇ ਬਟਵਾਰੇ ਬਾਅਦ ਭਾਰਤ ਦੇ ਕੋਨੇ ਕੋਨੇ ਵਿਚ ਜਾਕੇ ਵਸਗਿਆ ਹੈ ਅਤੇ ਉਥੋਂ ਦਾ ਹੀ ਹੋਕੇ ਰਹਿ ਗਿਆ ਹੈ।

ਇਹ ਹੈ ਸਿਖ ਭਾਈਚਾਰੇ ਦਾ ਇਤਿਹਾਸ ਅਤੇ ਅਸਾਂ ਦੇਖਿਆਂ ਸਿਖ ਭਾਈਚਾਰਾ ਸਿਰਫ ਭਾਰਤ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਮਾਣ ਅਤੇ ਸਤਿਕਾਰ ਪ੍ਰਾਪਤ ਕਰ ਬੈਠਾ ਸੀ। ਭਾਰਤ ਅੰਦਰ ਸਿਖ ਭਾਈਚਾ ਸਰਦਾਰ ਜੀ ਵਾਲਾ ਰੁਤਬਾ ਹਾਸਲ ਕਰ ਬੈਠਾ ਸੀ ਅਤੇ ਭਾਰਤ ਦੇ ਲੋਕਾਂ ਵਿੱਚ ਇਹ ਵਿਸ਼ਵਾਸ ਬਣ ਆਇਆ ਸੀ ਕਿ ਇਸ ਭਾਈਚਾਰੇ ਦੇ ਹਰ ਆਦਮੀ ਉਤੇ ਵਿਸ਼ਾਸ ਕੀਤਾ ਜਾ ਸਕਦਾ ਹੈ। ਅਗਰ ਬਸ ਜਾਂਗਡੀ ਦੇ ਡਿਬੇ ਵਿੱਚ ਸਵਾਰੀਆਂ ਘਟ ਹਨ ਅਤੇ ਇਕ ਸਰਦਾਰ ਜੀ ਵੀ ਅਗਰ ਬੈਠਾ ਹੁੰਦਾ ਸੀ ਤਾ ਇਕਲੀ ਔਰਤ ਵੀ ਆਪਣੇ ਆਪ ਨੂੰ ਸੇਫ ਸਮਝਦੀ ਸੀ ਕਿ ਸਰਦਾਰ ਜੀ ਬੈਠਾ ਹੈ। ਅਤੇਸਿਖ ਚਾਹੈ ਮਿਲਟਰੀ ਵਿੱਚ ਸਨ, ਚਾਹੇ ਪੁਲਿਪਸ ਵਿੱਚ ਸਨ ਮੁਲਕ ਵਿਸ਼ਵਾਸ ਕਰਦਾ ਸੀ ਕਿ ਮੁਲਕ ਹਰ ਪਾਸੋਂ ਸੁਰਖਿਅਤ ਚੈ। ਕਦੀ ਕਿਸੇ ਨੇ ਇਹ ਨਹੀਂ ਸੀ ਸੋਚਿਆ ਕਿ ਸਿਖ ਅਤਵਾਦੀ ਹੈ ਜਾਂ ਸਿਖ ਖਾਲਿਸਤਾਨ ਚਾਹੁੰਦਾ ਹੈ। ਇਹ ਗਲਾਂ ਪਤਾ ਨਹੀਂ ਕਿਸਨੇ ਅਸੀਆਂ ਦੇ ਕਰੀਬ ਸ਼ੁਰੂ ਕਰ ਦਿਤੀਆਂ ਅਤੇ ਬਾਕਾਇਦਾ ਇਕ ਲਹਿਰ ਚਲੀ ਜਿਸ ਦੀ ਆਗਵਾਨੀ ਰਾਜਸੀ ਲੋਕੀਂ ਨਹੀਂ ਸਨ ਕਰ ਰਹੇ ਅਤੇ ਜਿਸ ਕਿਸੇ ਨੇ ਵੀ ਇਹ ਲਹਿਰ ਚਲਾਈ ਸੀ ਉਸਨੇ ਸਿਖ ਭਾਈਚਾਰੇ ਪਾਸੋਂ ਸਲਾਹ ਨਹੀਂ ਸੀ ਲਿਤੀ। ਇਹ ਲਹਿਰ ਅਤਵਾਦ ਨਾਲ ਚਲਾਈ ਗਈ ਸੀ ਜਿਸਦਾ ਸਿਖ ਇਤਿਹਾਸ ਨਾਲ ਕੋਈ ਜੋੜ ਮੇਨ ਨਹੀ ਸੀ ਅਤੇ ਨਾਂ ਹੀ ਇਹ ਸੋਚਿਆ ਹੀ ਗਿਆ ਸੀ ਕਿ ਭਾਰਤ ਪਾਸ ਇਤਨੀ ਵਡੀ ਫੌਜ ਹੈ ਅਤੇ ਇਹ ਨਿਕੇ ਨਿਕੇ ਹਥਿਆਰਾਂ ਨਾਲ ਕੋਏ. ਲੜਾਈ ਜਿਤੀ ਨਹੀਂਜਾ ਸਕਦੀ। ਅਤੇ ਰਾਜਸੀ ਲੋਕਾਂ ਦੀ ਵੀ ਸਲਾਹ ਨਹੀਂ ਲਿਤੀ ਗਈ ਸੀ ਸਗੋਂ ਰਾਜਸੀ ਲੋਕੀਂ ਆਪ ਹੀ ਇਸ ਲਹਿਰ ਦੀ ਮਾਰ ਤੋਂ ਬਚਣ ਲਈ ਲੁਕੀ ਜਾ ਰਹੇ ਸਨ। ਇਸ ਲਹਿਰ ਦਾ ਅੰਤ ਸਿਖ ਭਾਈਚਾਰੇ ਨੂੰ ਦੇਖਣਾ ਪਿਆ ਅਤੇ ਕੁਲ ਮਿਲਾਕੇ ਸਿਖਾਂ ਦਾ ਇਤਨਾ ਨੁਕਸਾਨ ਹੋਇਆ ਜਿਤਨਾ ਅਜ ਤਕ ਕਿਸੇ ਵੀ ਲਹਿਰ ਵਿਚ ਨਹੀਂ ਸੀ ਹੋਇਆ। ਕਿਤਨੇ ਹੀ ਨੌਜਵਾਨਾ ਦੀ ਮੌਤ ਹੋ ਗਈ ਅਤੇ ਅਤਵਾਦੀ ਅਤੇ ਖਾਲਿਸਤਾਨੀ ਦਾ ਰੁਤਬਾ ਨਸੀਬ ਹੋਇਆ। ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿੱਚ ਰੋਲਾ ਪਾ ਦਿਤਾ ਗਿਆ ਕਿ ਸਿਖ ਅਤਵਾਦੀ ਹੈ ਅਤੇ ਸਿਖ ਖਾਲਿਸਤਾਨੀ ਹੈ। ਬੇਸ਼ਕ ਮੁਲਕ ਦੀ ਸਰਕਾਰ ਨੂੰ ਅੰਦਰ ਖਾਤੇ ਪਤਾ ਸੀ ਕਿ ਸਾਰੇ ਸਿਖ ਇਸ ਲਹਿਰ ਵਿਚ ਸ਼ਾਮਲ ਨਹੀਂ ਹਨ ਅਤੇ ਇਸ ਕਰਕੇ ਅਜ ਵੀ ਮਿਲਟਰੀ, ਪ੍ਰਸ਼ਾਸਨ ਅਤੇ ਪੁਲਿਸ ਵਿੱਚ ਸਿਖਾਂ ਦੀ ਗਿਣਤੀ ਕਾਇਮ ਹੈ, ਪਰ ਸਿਖਾਂ ਦਾ ਜਿਹੜਾ ਵੀ ਨੁਕਸਨ ਹੋ ਚੁਕਾ ਹੈ ਉਹ ਕਦੀ ਵੀ ਪੂਰਾ ਨਹੀਂ ਹੋ ਸਕਣਾ ਅਤੇ ਇਹ ਵੀ ਇਕ ਸਚਾਈ ਹੈ ਕਿ ਸਦੀਆਂ ਦਾ ਜਿਹੜਾ ਮਾਣ ਸਤਿਤਕਾਰ ਇਹ ਸਿਖ ਭਾਈਚਾਰਾ ਬਣਾ ਬੈਠਾ ਸੀ ਹੁਣ ਕੋਈ ਹੋਰ ਦਸ ਦਹਾਕੇ ਪਰਿਆ ਨਹੀਂ ਜਾਣਾ ਹੈ।

*ਦਲੀਪ ਸਿੰਘ ਵਾਸਨ, ਐਡਵੋਕੇਟ*
*10ਆਓ1-ਸੀ ਵਿਕਾਸ ਕਲੋਨੀ,*
*ਪਟਿਆਲਾ-ਪੰਜਾਬ-ਭਾਰਤ-147001*
*ਫੋਨ- 0175 5191856*

# ਕੋਵਿਡ ਉਤੇ ਮਾਹਿਰਾਂ ਦੇ ਬਿਆਨ ਸੜਕ ਛਾਪ ਜੋਤਿਸ਼ੀਆਂ ਵਰਗੇ ਰਹੇ

-ਸੰਦੀਪਨ ਦੇਬ-

ਜਿਵੇਂ ਅਸੀਂ ਜਾਣਦੇ ਹਾਂ ਕਿ ਨਾਇਕ ਅਕਸਰ ਸਾਧਾਰਨ ਲੋਕ ਹੁੰਦੇ ਹਨ, ਪਰ ਚੁਣੌਤੀ ਨੂੰ ਝੱਲਣ ਪਿੱਛੋਂ ਉਹ ਖਾਸ ਕਾਰਨਾਮੇ ਕਰਦੇ ਹਨ। ਮੈਂ ਇਹ ਤਜਵੀਜ਼ ਕਰਨਾ ਚਾਹਾਂਗਾ ਕਿ ਬਹੁਤੇ ਮਾਹਿਰ ਅਜਿਹੇ ਲੋਕ ਹੁੰਦੇ ਹਨ, ਜੋ ਘਟਨਾ ਹੋਣ ਤੋਂ ਪਿੱਛੋਂ ਵਿਆਖਿਆ ਕਰਦੇ ਹਨ ਕਿ ਆਖਰ ਇਹ ਕਿਉਂ ਵਾਪਰਿਆ? ਸਾਡੇ ਮਾਹਰ ਸੋਸ਼ਲ ਮੀਡੀਆ ਉੱਤੇ ਬੜੀ ਵੱਡੀ ਭੀੜ ਦੇ ਵਾਂਗ ਹਨ, ਜੋ ਵ੍ਹਟਸਐਪ ਰਾਹੀਂ ਭੇਜੀਆਂ ਗਈਆਂ ਚੀਜ਼ਾਂ ਨੂੰ ਪਛਾਣਦੇ ਹਨ। ਅਸੀਂ ਸਾਰੇ ਅੰਕੜਿਆਂ ਦੇ ਮਾਹਰ ਹਾਂ। ਭਾਰਤ ਵਿੱਚ ਜਦੋਂ ਕੋਵਿਡ-19 ਵਾਲੀ ਦੂਸਰੀ ਲਹਿਰ ਆਈ ਤਾਂ ਮਾਹਰ ਇੱਕ ਦਮ ਘਬਰਾ ਗਏ ਕਿ ਕਿਵੇਂ ਸਰਕਾਰ ਨੂੰ ਇਸ ਵੱਲ ਦੇਖਣਾ ਚਾਹੀਦਾ ਹੈ। ਕਿਸੇ ਨੇ ਵੀ ਦੂਸਰੀ ਲਹਿਰ ਦੇ ਬਾਰੇ ਭਵਿੱਖਬਾਣੀ ਨਹੀਂ ਸੀ ਕੀਤੀ।

ਜਦੋਂ ਦੂਸਰੀ ਲਹਿਰ ਚੱਲੀ, ਇਸ ਬਾਰੇ ਭੜਥੂ ਪੈ ਗਿਆ। ਪਹਿਲੀ ਲਹਿਰ ਦੇ ਦਿਨਾਂ ਵਿੱਚ ਜੋ ਚਰਚਿਤ ਹੋਏ, ਉਨ੍ਹਾਂ ਵਿੱਚੋਂ ਡਾ. ਰਮਣਨ ਲਕਸ਼ਮੀਨਾਰਾਇਣ ਵੀ ਸਨ, ਜਿਨ੍ਹਾਂ ਭਵਿੱਖਬਾਣੀ ਕੀਤੀ ਕਿ ਪਿਛਲੀ ਅਗਸਤ ਤੱਕ 30 ਤੋਂ 40 ਲੱਖ ਮੌਤਾਂ ਹੋ ਜਾਣਗੀਆਂ। ਜਦੋਂ ਭਾਰਤ ਨੇ ਉਨ੍ਹਾਂ ਉੱਤੇ ਭਰੋਸਾ ਨਾ ਕੀਤਾ ਤਾਂ ਰਮਣਨ ਕੁਝ ਮਹੀਨੇ ਦਿਖਾਈ ਨਹੀਂ ਦਿੱਤੇ, ਪਰ ਜਦੋਂ ਦੂਸਰੀ ਲਹਿਰ ਨੇ ਸੱਟ ਮਾਰੀ ਤਾਂ ਉਨ੍ਹਾਂ ਦੇ ਵਿਚਾਰਾਂ ਨੂੰ ਪੱਛਮੀ ਮੀਡੀਆ ਨੇ ਮੁੜ ਸੁਰਜੀਤ ਕਰ ਦਿੱਤਾ। ਰਮਣਨ ਦਾ ਵਰਤਮਾਨ ਟੀਚਾ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਐਂਟੀ ਬਾਡੀ ਸਰਵੇ ਉੱਤੇ ਹੈ, ਜਿਸ ਨੇ ਪਾਇਆ ਕਿ ਹਰੇਕ ਰਜਿਸਟਰਡ ਕੋਵਿਡ ਕੇਸ ਨਾਲ 34 ਹੋਰ ਕੇਸ ਜੁੜੇ ਹੋ ਸਕਦੇ ਹਨ। ਅਸਲ ਵਿੱਚ ਇਸ ਸਰਵੇ ਦੇ ਨਤੀਜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਹਰ ਅਧਿਕਾਰਤ ਅੰਕੜੇ ਨਾਲ 34 ਹੋਰ ਲੋਕ ਵੀ ਇਨਫੈਕਟਿਡ ਹੋਏ, ਜਿਨ੍ਹਾਂ ਵਿੱਚੋਂ ਬਹੁਤੇ ਲੋਕਾਂ ਵਿੱਚ ਰੋਗ ਵਿਰੋਧੀ ਸ਼ਕਤੀ ਵਿਕਸਤ ਹੋਈ ਹੈ। ਕੁਝ ਲੋਕਾਂ ਨੇ ਮਹਿਸੂਸ ਕੀਤਾ ਕਿ ਉਹ ਇਨਫੈਕਟਿਡ ਹੋ ਚੁੱਕੇ ਹਨ। ਸਾਡੇ ਹਸਪਤਾਲ ਅੱਜ ਹੋਰ ਜ਼ਿਆਦਾ ਭਰੇ ਨਹੀਂ, ਜਦ ਕਿ ਰਮਣਨ ਸਮਝਦੇ ਹਨ ਕਿ ਦੇਸ਼ ਕਿਆਮਤ ਵੱਲ ਵਧ ਰਿਹਾ ਹੈ।

ਰੋਗ ਵਿਰੋਧੀ ਸ਼ਕਤੀ ਹੋਣੀ ਚੰਗੀ ਖ਼ਬਰ ਹੈ। ਫਰਵਰੀ 2020 ਵਿੱਚ ਵਿਸ਼ਵ ਦੇ ਪ੍ਰਸਿੱਧ ਕੋਰੋਨਾ ਵਾਰੀਅਰ ਡਾ. ਐਂਥਨੀ ਫਾਉਚੀ ਨੇ ਮਾਸਕ ਪਹਿਨਣ ਦੀ ਲੋੜ ਨੂੰ ਨਕਾਰ ਦਿੱਤਾ। ਕੁਝ ਮਹੀਨੇ ਬਾਅਦ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕਦੀ ਨਹੀਂ ਕਿਹਾ ਕਿ ਮਾਸਕ ਬੇਕਾਰ ਚੀਜ਼ ਹੈ, ਉਨ੍ਹਾਂ ਨੇ ਸਿਰਫ਼ ਲੋਕਾਂ ਨੂੰ ਇਹ ਕਿਹਾ ਸੀ ਕਿ ਮਾਸਕ ਨਾ ਖ਼ਰੀਦਣ ਤਾਂ ਕਿ ਸਿਹਤ ਮੁਲਾਜ਼ਮਾਂ ਕੋਲ ਲੋੜੀਂਦੀ ਸਪਲਾਈ ਹੋਵੇ। ਇਹ ਭੈੜੀ ਸਥਿਤੀ ਉੱਤੇ ਧੋਖਾ ਦੇਣ ਵਾਲੀ ਗੱਲ ਅਤੇ ਅਣਜਾਣਤਾ ਹੈ। ਇੱਕ ਸਾਲ ਤੋਂ ਵੱਧ ਸਮੇਂ ਤੋਂ ਡਾ. ਫਾਉਚੀ ਨੇ ਇਹ ਕਹਾਣੀ ਘੜੀ ਕਿ ਕੋਵਿਡ ਵਾਇਰਸ ਕੁਦਰਤੀ ਤੌਰ ਉੱਤੇ ਪੈਦਾ ਹੋਇਆ ਹੈ ਤੇ ਇਹ ਮਨੁੱਖ ਨੇ ਜੋੜ-ਤੋੜ ਕੇ ਨਹੀਂ ਬਣਾਇਆ, ਜਿਸ ਦੀ ਪੈਦਾਇਸ਼ ਵੁਹਾਨ ਦੀ ਵਾਇਰੋਲੋਜੀ ਲੈਬ ਵਿੱਚ ਹੋਈ ਦੱਸੀ ਜਾਂਦੀ ਹੈ। ਵਧੇਰੇ ਅਮਰੀਕੀ ਮੀਡੀਆ ਨੇ ਉਨ੍ਹਾ ਦਾ ਸਾਥ ਦਿੱਤਾ। ਲਾਂਸੇਟ ਵਰਗੇ ਸਾਇੰਟਿਫਿਕ ਰਸਾਲਿਆਂ ਨੇ ਨੇ ਉਨ੍ਹਾਂ ਪੰਨਿਆਂ ਨੂੰ ਰੱਦ ਕਰ ਦਿੱਤਾ ਜਿਨ੍ਹਾਂ ਨੇ ਤਰਕ ਦਿੱਤਾ ਕਿ ਵਾਇਰਸ ਵਿੱਚ ਪ੍ਰੋਟੀਨ ਸ਼ੱਕੀ ਗ਼ੈਰ-ਕੁਦਰਤੀ ਦਿਖਾਈ ਦਿੰਦੇ ਹਨ। ਅੱਜ ਡਾ. ਫਾਉਚੀ ਮੰਨਦੇ ਹਨ ਕਿ ਇਸ ਨੂੰ ਨਕਾਰਨ ਲਈ ਉਨ੍ਹਾਂ ਕੋਲ ਲੋੜੀਂਦੀ ਸੂਚਨਾ ਨਹੀਂ ਸੀ। ਫਿਰ ਵੀ ਉਸ ਸਿਧਾਂਤ ਨੂੰ ਉਤਸ਼ਾਹਿਤ ਕਰਨ ਵਿੱਚ ਮੁਕਤੀਦਾਤਾ ਨਜ਼ਰ ਆਏ ਕਿ ਵਾਇਰਸ ਇੱਕ ਜਾਨਵਰ ਤੋਂ ਮਨੁੱਖ ਵਿੱਚ ਸਿੱਧੇ ਤੌਰ ਉੱਤੇ ਛਾਲ ਮਾਰ ਕੇ ਆਇਆ, ਜਦ ਕਿ ਇੱਕ ਵੀ ਜਾਨਵਰ ਵਾਇਰਸ ਨਾਲ ਇਨਫੈਕਟਿਡ ਨਹੀਂ ਪਾਇਆ ਗਿਆ।

ਇਸ ਦੌਰਾਨ 'ਦਿ ਵਾਸ਼ਿੰਗਟਨ ਪੋਸਟ' ਨੇ ਫਰਵਰੀ 2020 ਦੇ ਲੇਖ ਵਿੱਚ ਸ਼ਬਦਾਂ ਨੂੰ ਬਦਲ ਦਿੱਤਾ। ਲੇਖ ਦੀਆਂ ਲਾਈਨਾਂ ਅਨੁਸਾਰ ਰਿਪਬਲਿਕਨ ਸੀਨੇਟਰ ਟਾਮ ਕਾਟਨ ਉਸ ਕੋਰੋਨਾ ਵਾਇਰਸ ਦਾ ਵਿਵਾਦਿਤ ਸਿਧਾਂਤ ਦੁਹਰਾਉਂਦੇ ਰਹੇ, ਜਿਸ ਨੂੰ ਪਹਿਲਾਂ ਰੱਦ ਕੀਤਾ ਸੀ। ਤੀਸਰੀ ਲਹਿਰ ਦੂ ਚਰਚਾ ਹੈ ਕਿ ਕਦੋਂ ਸਾਡੇ ਉੱਤੇ ਵਾਰ ਕਰੇਗੀ। ਕਿਸ ਸਮੇਂ ਇਹ ਸਿਖਰ ਉੱਤੇ ਤੇ ਕਿਸ ਸਮੇਂ ਉਤਾਰ ਉੱਤੇ ਹੋਵੇਗੀ। ਸਭ ਤੋਂ ਮਸ਼ਹੂਰ ਸਿਧਾਂਤ ਅਨੁਸਾਰ ਇਹ ਲਹਿਰ ਆਪਣੇ ਸਿਖਰ ਉੱਤੇ ਸਤੰਬਰ ਤੇ ਨਵੰਬਰ ਮਹੀਨੇ ਵਿੱਚ ਹੋਵੇਗੀ ਅਤੇ ਉਸ ਦੇ ਬਾਅਦ ਜਨਵਰੀ ਤੱਕ ਇਹ ਖ਼ਤਮ ਹੋ ਜਾਵੇਗੀ। ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਪਾਬੰਦੀ ਪੂਰੀ ਤਰ੍ਹਾਂ ਉਨ੍ਹਾਂ ਲਈ ਜਾਵੇ ਜਾਂ ਹੋਰ ਜ਼ਿਆਦਾ ਸਖ਼ਤ ਕਰ ਦਿੱਤੀ ਜਾਵੇ, ਜਦ ਕਿ ਇਹ ਸਾਰੇ ਅੰਦਾਜ਼ੇ ਨੀਤੀ ਘਾੜਿਆਂ ਦੇ ਮੰਤਵ ਲਈ ਹਨ। ਸਾਨੂੰ ਇੱਕ ਔਸਤਨ ਜਨਤਾ ਵਜੋਂ ਸਮਝਣਾ ਚਾਹੀਦਾ ਹੈ ਕਿ ਕੋਈ ਵੀ ਭਵਿੱਖਬਾਣੀ ਕਲਪਨਾ ਵਾਂਗ ਚੰਗੀ ਹੁੰਦੀ ਹੈ। ਕਿਸੇ ਨੇ ਵੀ ਡੈਲਟਾ ਵੇਰੀਐਂਟ ਤੇ ਇਸ ਦੀ ਇਨਫੈਕਸ਼ਨ ਦੇ ਬਾਰੇ ਕੋਈ ਭਵਿੱਖਬਾਣੀ ਨਹੀਂ ਕੀਤੀ, ਨਾ ਕਿਸੇ ਨੇ ਬਲੈਕ ਫੰਗਸ ਦੇ ਬਾਰੇ ਦੱਸਿਆ ਸੀ। ਦੂਸਰੀ ਲਹਿਰ ਦੇ ਉਭਰਨ ਦੇ ਦਿਨਾਂ ਵਿੱਚ ਮਾਹਰ ਤੀਸਰੀ ਲਹਿਰ ਬਾਰੇ ਰੌਲਾ ਪਾ ਰਹੇ ਸਨ ਅਤੇ ਇਹ ਕਹਿ ਰਹੇ ਸਨ ਕਿ ਸਾਡੇ ਬੱਚੇ ਵੀ ਪ੍ਰਭਾਵਤ ਹੋਣਗੇ। ਕੀ ਇਹ ਸਹੀ ਹੈ?

ਸੱਚਾਈ ਇਹ ਹੈ ਕਿ ਮਾਹਰਾਂ ਨੇ ਸਾਨੂੰ ਕੋਵਿਡ ਦੇ ਮਾਮਲੇ ਵਿੱਚ ਨੀਵਾਂ ਦਿਖਾਇਆ ਹੈ। ਟੀ ਵੀ ਉੱਤੇ ਆਕਸੀਜਨ ਦੀ ਕਿੱਲਤ ਬਾਰੇ ਗੱਲ ਕੀਤੀ ਜਾਂਦੀ ਹੈ ਪਰ ਆਕਸੀਜਨ ਪਲਾਂਟਾਂ ਨੂੰ ਸਥਾਪਿਤ ਕਰਨ ਦੇ ਬਾਰੇ ਕੋਈ ਚਿੰਤਤ ਨਹੀਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਖੁਸ਼ੀਆਂ ਦੀ ਕਿਣ-ਮਿਣ

-ਪ੍ਰੀਤਮਾ ਦੋਮੇਲ

ਅੱਜਕੱਲ੍ਹ ਦੇ ਜ਼ਮਾਨੇ ਵਿੱਚ ਹਰ ਆਦਮੀ ਖੁਸ਼ੀ ਚਾਹੁੰਦਾ ਤੇ ਖੁਸ਼ੀਆਂ ਦੀ ਤਲਾਸ਼ ਵਿੱਚ ਪਤਾ ਨਹੀਂ ਕੀ-ਕੀ ਕਰਦਾ ਹੈ। ਕਦੇ ਕਿਸੇ ਪਿਆਰੇ, ਰਿਸ਼ਤੇਦਾਰ ਜਾਂ ਕਿਸੇ ਦੋਸਤ-ਮਿੱਤਰ ਨੂੰ ਫੋਨ ਕਰਦਾ ਹੈ, ਕਦੇ ਦਾਰੂ ਪੀਂਦਾ ਹੈ ਤੇ ਕਦੇ ਬਾਜ਼ਾਰੋਂ ਕੋਈ ਮਨਭਾਉਂਦੀ ਚੀਜ਼ ਮੰਗਵਾ ਕੇ ਖਾਂਦਾ ਹੈ, ਪਰ ਖੁਸ਼ੀਆਂ ਟਟਹਿਣੀਆਂ ਵਾਂਗ ਕਦੇ ਪਲ ਦੋ ਪਲ ਲਈ ਚਮਕਦੀਆਂ ਹਨ। ਕਿਸੇ ਨੂੰ ਮਿਲੋ, ਨਾ ਚਿਹਰੇ ਉੱਤੇ ਮੁਸਕਾਨ, ਨਾ ਹਾਸਾ, ਨਾ ਅੱਖਾਂ ਵਿੱਚ ਚਮਕ! ਕਿੱਥੇ ਗੁੰਮ ਹੋ ਗਿਆ ਸਾਰਾ ਕੁਝ। ਠੀਕ ਹੈ ਲਾਕਡਾਊਨ ਕਰ ਕੇ ਪਹਿਲੇ ਹਾਲਾਤ ਨਹੀਂ ਰਹੇ, ਨਾ ਬਾਜ਼ਾਰ ਵਿੱਚ ਉਹ ਰੌਣਕਾਂ, ਨਾ ਸਵੇਰੇ ਦਫਤਰ-ਸਕੂਲ-ਕਾਲਜ ਜਾਣ ਵਾਲਿਆਂ ਦੀ ਸੜਕਾਂ ਉੱਤੇ ਮਾਰਾ-ਮਾਰੀ, ਨਾ ਵਿਆਹ-ਸ਼ਾਦੀਆਂ ਦੇ ਉਹ ਰੰਗ ਤਮਾਸ਼ੇ, ਨਾ ਦੇਰ ਰਾਤ ਤੱਕ ਚੱਲਦੀਆਂ ਪਾਰਟੀਆਂ, ਪਰ ਅਸੀਂ ਇਹ ਕਿਉਂ ਨਹੀਂ ਸੋਚਦੇ ਕਿ ਇਹ ਸਭ ਸਾਡੇ ਕਰ ਕੇ ਹੈ। ਜੇ ਅਸੀਂ ਕਾਇਮ ਹਾਂ, ਤੁਰਦੇ ਫਿਰਦੇ ਹਾਂ ਤਾਂ ਸਾਨੂੰ ਖੁਸ਼ ਕਰਨ ਵਾਲੇ ਅਦਾਰੇ ਕਿਤੇ ਚਲੇ ਗਏ ਨੇ। ਉਹ ਨਹੀਂ, ਕੁਝ ਹੋਰ ਸਹੀ। ਅੱਜ ਦੇ ਹਾਲਾਤ ਮੁਤਾਬਕ ਕੁਝ ਹੋਰ ਚੰਗਾ ਚੰਗਾ ਲੱਭੋ।

ਕਹਿੰਦੇ ਨੇ ਲੋੜ ਕਾਢ ਦੀ ਮਾਂ ਹੈ। ਲੱਭ ਲਓ ਖੁਸ਼ੀਆਂ ਆਪਣੇ ਟੱਬਰ ਦੇ ਜੀਆਂ ਵਿੱਚੋਂ, ਪੌਦਿਆਂ ਦੀਆਂ ਹਿਲਦੀਆਂ ਟਾਹਣੀਆਂ ਵਿੱਚੋਂ, ਰੋਜ਼ ਸਵੇਰੇ ਖਿੜੇ ਹੋਏ ਤਾਜ਼ੇ ਫੁੱਲਾਂ ਨੂੰ ਦੇਖ ਕੇ ਕਿਸੇ ਨਾਲ ਫੋਨ ਉੱਤੇ ਉਸ ਦੀ ਰਾਜੀ ਖੁਸ਼ੀ ਪੁੱਛ ਕੇ, ਕਿਸੇ ਆਪਣੇ ਦਾ ਫੋਨ ਆਏ ਤਾਂ ਉਸ ਨੂੰ ਮੱਥੇ ਨਾਲ ਲਾ ਕੇ ਖੁਸ਼ ਹੋਵੋ ਬਈ ਕਿਸੇ ਆਪਣੇ ਨੇ ਤੁਹਾਨੂੰ ਯਾਦ ਕੀਤਾ ਹੈ, ਪਰ ਨਹੀਂ, ਅਸੀਂ ਕੁਝ ਹੋਰ ਵੱਡਾ ਚਾਹੁੰਦੇ ਹਾਂ, ਜੋ ਸਾਨੂੰ ਖੁਸ਼ੀ ਦੇ ਸਕੇ। ਉਹ ਵੱਡਾ ਵੱਡਾ ਕੀ ਹੈ, ਉਹ ਮ੍ਰਿਗ ਤ੍ਰਿਸ਼ਨਾ ਹੈ। ਉਸ ਦੇ ਪਿੱਛੇ ਦੌੜੋਗੇ, ਉਹ ਹੋਰ ਅੱਗੇ ਦੌੜਦੀ ਜਾਵੇਗੀ। ਤੁਸੀਂ ਕਦ ਤੱਕ ਉਸ ਦਾ ਪਿੱਛਾ ਕਰੋਗੇ?

ਲਓ ਮੈਂ ਇਨ੍ਹਾਂ ਖੁਸ਼ੀਆਂ ਦੇ ਝਲਕਾਰਿਆਂ ਦੀ ਗੱਲ ਸੁਣਾਉਂਦੀ ਹਾਂ। ਉਸ ਪੁਰਾਣੇ ਸ਼ਹਿਰ, ਜਿੱਥੇ ਮੈਂ ਪਿਛਲਾ ਪੂਰਾ ਸਾਲ ਗੁਜ਼ਾਰਿਆ ਏ। ਵੱਡੇ ਸਾਰੇ ਘਰ ਦਾ ਵੱਡਾ ਸਾਰਾ ਲਾਅਨ, ਹਰੇ ਭਰੇ ਘਾਹ ਤੇ ਫੁੱਲਾਂ ਬੂਟਿਆਂ ਨਾਲ ਭਰਿਆ ਹੋਇਆ, ਹੋਰ ਵੀ ਵੱਡੇ ਵੱਡੇ ਪੁਰਾਣੇ ਰੁੱਖ ਸਨ। ਉਥੇ ਇੱਕ ਦੋ ਕੁਰਸੀਆਂ ਪਈਆਂ ਰਹਿੰਦੀਆਂ ਸਨ। ਮੈਂ ਇੱਕ ਦਿਨ ਸਵੇਰੇ ਲਾਅਨ ਵਿੱਚ ਗਈ ਤਾਂ ਉਥੇ ਕੋਈ ਕੁਰਸੀ ਨਹੀਂ ਸੀ। ਪਹਿਲਾਂ ਜੀਅ ਕੀਤਾ ਕਿ ਵਾਪਸ ਚਲੀ ਜਾਵਾਂ, ਫਿਰ ਪਤਾ ਨਹੀਂ ਕੀ ਸੋਚ ਕੇ ਹੇਠਾਂ ਘਾਹ ਉੱਤੇ ਬੈਠ ਗਈ। ਜਦ ਮੈਂ ਉਠਣ ਲੱਗੀ ਤਾਂ ਮੇਰੇ ਤੋਂ ਉਠਿਆ ਨਾ ਜਾਵੇ। ਪਿਛਲੇ ਸਾਲ ਮੇਰੀ ਪਿੱਠ ਉੱਤੇ ਸੱਟ ਲੱਗ ਗਈ ਸੀ ਤੇ ਸ਼ਾਇਦ ਇੱਕ ਦੋ ਮਣਕੇ ਵੀ ਹਿੱਲ ਗਏ। ਉਠਣ ਦੀ ਬੜੀ ਕੋਸ਼ਿਸ਼ ਕੀਤੀ, ਆਸਪਾਸ ਵੀ ਨਹੀਂ ਸੀ, ਜੋ ਮਦਦ ਕਰਦਾ। ਇੰਨੇ ਨੂੰ ਛੋਟਾ ਜਿਹਾ ਕਾਲਾ-ਕਲੂਟਾ ਲੜਕਾ ਮਸਾਂ ਸੱਤ-ਅੱਠ ਸਾਲ ਦਾ ਹੋਵੇਗਾ, ਲਾਅਨ ਦੀ ਕੰਡਿਆਲੀ ਤਾਰ ਦੇ ਉੱਤੋਂ ਟੱਪ ਕੇ ਝਰੀਟੋ-ਝਰੀਟ ਹੋਇਆ ਅੰਦਰ ਆ ਗਿਆ ਤੇ ਬਿਨਾਂ ਬੋਲੇ ਹੀ ਦੋਵਾਂ ਹੱਥਾਂ ਨਾਲ ਮੇਰੀ ਬਾਂਹ ਫੜ ਕੇ ਮੈਨੂੰ ਸਹਾਰਾ ਦੇ ਕੇ ਖੜ੍ਹਾ ਕਰ ਦਿੱਤਾ, ਤੇ ਫਿਰ ਮੇਰਾ ਹੱਥ ਫੜ ਕੇ ਮੈਨੂੰ ਅੰਦਰ ਲੈ ਆਇਆ।

ਗੁਰਬਤ ਮਾਰਿਆ ਬੱਚਾ ਲੱਗਦਾ ਸੀ। ਉਸ ਨੇ ਫਟੀ ਹੋਈ ਕਮੀਜ਼ ਅਤੇ ਮੈਲੀ ਜਿਹੀ ਨਿੱਕਰ ਪਾਈ ਹੋਈ ਸੀ। ਮੈਂ ਸਫਾਈ ਵਾਲੀ ਔਰਤ ਨੂੰ ਉਸ ਨੂੰ ਕੁਝ ਖਾਣ ਵਾਲੀ ਚੀਜ਼ ਦੇਣ ਨੂੰ ਕਿਹਾ। ਉਸ ਨੇ ਬਿਸਕੁਟ ਦਾ ਪੈਕੇਟ ਉਸ ਨੂੰ ਦਿੱਤਾ, ਪਰ ਉਸ ਨੇ ਲਿਆ ਨਹੀਂ। ਮੈਂ ਕਿਹਾ, ਕੁਝ ਹੋਰ ਦੇ ਦੇ। ਜਦ ਉਹ ਬੱਚੇ ਨੂੰ ਮੱਠੀਆਂ ਵਗੈਰਾ ਦੇਣ ਲੱਗੀ ਤਾਂ ਬੱਚੇ ਨੇ ਉਹ ਵੀ ਨਹੀਂ ਲਈਆਂ ਅਤੇ ਉਸ ਔਰਤ ਦੇ ਕੰਨ ਵਿੱਚ ਕਿਹਾ, 'ਮੈਂ ਕੁਝ ਲੈਣ ਨਹੀਂ ਮਾਤਾ ਜੀ ਨੂੰ ਉਠਾਇਆ, ਇਹ ਤਾਂ ਮੇਰੀ ਮਾਂ ਨੇ ਸਿਖਾਇਆ ਹੈ ਕਿ ਬਜ਼ੁਰਗਾਂ ਦੀ ਹਮੇਸ਼ਾ ਮਦਦ ਕਰੋ।' ਫਿਰ ਉਸ ਨੇ ਬੜੇ ਡਰ ਜਿਹੇ ਨਾਲ ਹੱਥ ਜੋੜ ਕੇ ਕਿਹਾ, ''ਮਾਤਾ ਜੀ, ਸਿਪਾਹੀਆਂ ਨੂੰ ਕਹਿਣਾ ਕਿ ਉਹ ਮੈਨੂੰ ਮਾਰਨ ਨਾ, ਮੈਂ ਬਿਨਾਂ ਕਿਸੇ ਨੂੰ ਪੁੱਛੇ ਤਾਰ ਉੱਤੋਂ ਟੱਪ ਕੇ ਆ ਗਿਆ।' ਮੈਂ ਬੱਚੇ ਨੂੰ ਗਲ ਨਾਲ ਲਾ ਲਿਆ ਤੇ ਉਸ ਦੀ ਮਾਂ ਨੂੰ ਵੀ ਮਨ ਹੀ ਮਨ ਸਲਾਮ ਕੀਤਾ। ਉਸ ਦੇ ਜਾਣ ਤੋਂ ਬਾਅਦ ਵੀ ਕਿੰਨੀ ਦੇਰ ਤੱਕ ਮੇਰੇ ਹੰਝੂ ਵਗਦੇ ਰਹੇ। ਇਹ ਹੰਝੂ ਖੁਸ਼ੀ ਦੇ ਸਨ। ਤੇ ਫਿਰ ਜਿੰਨੀ ਦੇਰ ਅਸੀਂ ਉਸ ਘਰ ਵਿੱਚ ਰਹੇ, ਮੈਂ ਹਰ ਰੋਜ਼ ਉਸ ਕੰਡਿਆਲੀ ਤਾਰ ਦੇ ਉੱਤੋਂ ਟੱਪਦੇ ਹੋਏ ਉਸ ਬੱਚੇ ਨੂੰ ਦੇਖਦੀ ਰਹੀ, ਪਰ ਫਿਰ ਉਹ ਕਦੀ ਨਹੀਂ ਆਇਆ।

ਸਾਡੇ ਘਰ ਦੇ ਸਾਹਮਣੇ ਪੱਕੇ ਫਰਸ਼ ਵਾਲਾ ਪਾਰਕ ਸੀ। ਵਿੱਚ ਵਿਚਾਲੇ ਕਿਧਰੇ ਇੱਕ ਵੱਡੇ ਦਰੱਖਤ ਦੇ ਆਸੇ ਪਾਸੇ ਚਬੂਤਰਾ ਸੀ। ਪਾਰਕ ਵਿੱਚ ਅਫਸਰਾਂ ਦੇ ਛੋਟੇ ਮੁੰਡੇ ਫੁੱਟਬਾਲ ਤੇ ਕੁੜੀਆਂ ਬੈਡਮਿੰਟਨ ਖੇਡਦੇ ਰਹਿੰਦੇ ਸਨ। ਮੈਂ ਕਦੇ ਕਦੇ ਉਸ ਚਬੂਤਰੇ ਉੱਤੇ ਜਾ ਕੇ ਬੈਠ ਜਾਂਦੀ। ਕਈ ਵਾਰੀ ਕੋਈ ਜਵਾਨ (ਸਿਪਾਹੀ) ਕਿਸੇ ਛੋਟੇ ਬੱਚੇ ਨੂੰ ਖਿਡਾਉਣ ਆ ਜਾਂਦਾ। ਇੱਕ ਦਿਨ ਇੱਕ ਸਿਪਾਹੀ ਮੇਰੇ ਕੋਲ ਆ ਕੇ ਬੋਲਿਆ, 'ਮਾਤਾ ਜੀ, ਤੁਸੀਂ ਉਸ ਸਾਹਮਣੇ ਵਾਲੇ ਘਰ ਵਿੱਚ ਰਹਿੰਦੇ ਹੋ।'

'ਹਾਂ, ਕਿਉਂ ਕੀ ਗੱਲ?'

'ਤੁਸੀਂ ਕਿਤਾਬਾਂ ਲਿਖਦੇ ਹੋ?'

'ਹਾਂ, ਤੈਨੂੰ ਕੀਹਨੇ ਦੱਸਿਆ।'

'ਸਾਡੇ ਸਾਬ੍ਹ ਦੇ ਮਾਤਾ ਜੀ ਵੀ ਪੰਜਾਬ ਤੋਂ ਆਏ ਹੋਏ ਹਨ। ਉਨ੍ਹਾਂ ਨੇ ਮੈਨੂੰ ਇੱਕ ਦਿਨ ਕਿਹਾ ਸੀ ਕਿ ਤੁਹਾਡੇ ਤੋਂ ਮੈਂ ਤੁਹਾਡੀ ਕੋਈ ਕਿਤਾਬ ਲਿਆ ਕੇ ਉਨ੍ਹਾਂ ਨੂੰ ਦੇਵਾਂ।'

'ਅੱਛਾ ਮਾਤਾ ਜੀ ਪੜ੍ਹਨਾ ਚਾਹੁੰਦੇ ਨੇ।'

'ਨਹੀਂ ਜੀ, ਉਹ ਤਾਂ ਬਿਲਕੁਲ ਅਨਪੜ੍ਹ ਹਨ। ਉਹ ਕਹਿੰਦੇ ਸਨ ਕਿ ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਸਾਡੇ ਪੰਜਾਬ ਦੀ ਬੀਬੀ ਕਿਤਾਬਾਂ ਲਿਖਦੀ ਹੈ। ਮੈਂ ਤਾਂ ਵਾਪਸ ਪੰਜਾਬ ਜਾ ਕੇ ਆਪਣੇ ਸਰਦਾਰ ਜੀ ਕੋਲੋਂ ਪੜ੍ਹਾ ਕੇ ਸੁਣਾਂਗੀ।'

ਕੋਈ ਅਣਜਾਣ ਅਨਪੜ੍ਹ ਔਰਤ ਮੇਰੇ ਕੋਲੋਂ ਮੇਰੀ ਕਿਤਾਬ ਮੰਗ ਰਹੀ ਸੀ ਤੇ ਮੇਰੇ ਪਰਵਾਰ ਵਿੱਚੋਂ (ਮੇਰੇ ਪੁੱਤਰ ਤੋਂ ਬਿਨਾਂ) ਕਿਸੇ ਨੂੰ ਇਹ ਵੀ ਸ਼ਾਇਦ ਹੀ ਪਤਾ ਹੋਵੇ ਕਿ ਮੈਂ ਕੋਈ ਕਿਤਾਬ ਲਿਖੀ ਹੈ। ਖੁਸ਼ੀ ਦੇਣ ਵਾਲਾ ਕੋਈ ਇੱਕ ਵੀ ਬੰਦਾ ਤੁਹਾਨੂੰ ਮਿਲ ਜਾਵੇ ਤਾਂ ਦੁਨੀਆ ਦੇ ਬਲਿਹਾਰ ਜਾਈਏ ਕਿ ਉਹ ਇਨਸਾਨ ਵੀ ਤੁਹਾਡੀ ਇਸੇ ਦੁਨੀਆ ਵਿੱਚੋਂ ਆਇਆ ਹੈ।

# ਉਦਾਸੀ ਦਾ ਮਾਸੂਮ ਮਨੋਵੇਗ ਨੇ ਅੱਥਰੂ

ਪ੍ਰੋਫੈਸਰ ਕੁਲਵੰਤ ਸਿੰਘ ਔਜਲਾ

ਮੇਰੇ ਭਰਾ ਸਰਵਣ ਸਿੰਘ ਔਜਲਾ ਦਾ ਬੇਟਾ ਪੜ੍ਹਨ ਵਾਸਤੇ ਕੈਨੇਡ ਚਲਾ ਗਿਆ ਸੀ। ਦੂਜੇ-ਤੀਜੇ ਦਿਨ ਮੈਂ ਸਰਵਣ ਨੂੰ ਫੋਨ ਉੱਤੇ ਪੁੱਛਦਾ ਰਹਿੰਦਾ ਹਾਂ ਕਿ ਕਾਕੇ ਦਾ ਜੀਅ ਲੱਗ ਗਿਐ? ਉਹ ਆਪਣੇ ਮਿੱਤਰਾਂ-ਸੰਬੰਧੀਆਂ ਵੱਲੋਂ ਕਾਕੇ ਪ੍ਰਤੀ ਦਿਖਾਏ ਜਾਂਦੇ ਸਨੇਹ ਦੀਆਂ ਗੱਲਾਂ ਸੁਣ ਕੇ ਆਪਣੇ ਉਦਾਸ ਅਤੇ ਓਦਰੇ ਜੀਅ ਨੂੰ ਪਰਚਾਉਂਦਾ ਹੈ। ਡਾਕਟਰ ਉਪਿੰਦਰਜੀਤ ਕੌਰ ਮਿਲੇ ਤਾਂ ਉਨ੍ਹਾਂ ਵੀ ਮੇਰੇ ਵਾਲਾ ਸਵਾਲ ਕੀਤਾ, 'ਸਰਵਣ, ਕਾਕੇ ਦਾ ਜੀਅ ਲੱਗ ਗਿਐ?' ਉਸ ਦੇ ਜਵਾਬ ਤੋਂ ਪਹਿਲਾਂ ਉਹ ਖੁਦ ਹੀ ਕਹਿ ਦਿੱਤਾ, 'ਪਰਦੇਸਾਂ ਵਿੱਚ ਜੀਅ ਲਾਉਣਾ ਬੜਾ ਔਖਾ ਹੁੰਦੈ।' ਉਦਾਸੀ ਪੰਜਾਬੀ ਮਨ ਦ ਖਾਸਾ, ਖਾਬਗੋਈ ਤੇ ਖਬਤ ਹੈ। ਸਫਰ ਤੇ ਸੰਘਰਸ਼ ਵਿੱਚੋਂ ਉਪਜੇ ਲੋਕ ਧਰਤੀਆਂ ਦੀ ਥਾਂ ਅੰਬਰਾਂ ਉਤੇ ਜ਼ਿਆਦਾ ਰਹਿੰਦੇ ਹਨ। ਜੀਅ ਲੱਗਣ ਜਾਂ ਲਾਉਣ ਦਾ ਪੜ੍ਹਈ ਨਾਲ ਕੋਈ ਸੰਬੰਧ ਨਹੀਂ।

ਮੇਰਾ ਛੋਟਾ ਭਰਾ ਬਲਦੀਸ਼ ਬਹੁਤ ਪੜ੍ਹ-ਲਿਖ ਕੇ ਵਿਦੇਸ਼ ਚਲਾ ਗਿਆ ਸੀ। ਜੀਅ ਨਾ ਲੱਗੇ। ਕਿੱਥੇ ਡਾਕਟਰੇਟ ਦੀ ਪੜ੍ਹਾਈ ਤੇ ਕਿੱਥੇ ਡਾਲਰ ਯੁਕਤ ਦਿਹਾੜੀਆਂ। ਨਿਮਨ ਕਿਸਾਨ ਬਾਪ ਨੇ ਕਿਹਾ ਕਿ 'ਪੁੱਤ ਵਾਪਸ ਆ ਜਾ।' ਪੁੱਤਰ ਨੂੰ ਪਤਾ ਸੀ ਕਿ ਬਾਪ ਉਸ ਨੂੰ ਲੰਬਾ ਸਮਾਂ ਰੋਟੀ ਨਹੀਂ ਖੁਆ ਸਕਦਾ। ਸਿੱਟੇ ਵਜੋਂ ਉਹ ਜੀਅ ਲਾਉਣ ਲਈ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਪੜ੍ਹਨ ਤੇ ਘੜਨ ਦੇ ਸਫਰ ਤੇ ਸੰਘਰਸ਼ ਦੀਆਂ ਨੀਹਾਂ ਪੁੱਟਣ ਲੱਗ ਪਿਆ। ਭਾਵੇਂ ਉਸ ਦਾ ਜੀਅ ਲੱਗ ਗਿਆ ਅਤੇ ਚੰਗਾ ਕਾਰੋਬਾਰ ਵੀ ਚਲਾ ਲਿਆ, ਪਰ ਜਦੋਂ ਵੀ ਪਿੰਡ ਆਉਂਦਾ ਤਾਂ ਵਿਛੜਨ ਲੱਗਾ ਬੱਚਿਆਂ ਵਾਂਗੂੰ ਰੋਂਦਾ। ਮੈਂ ਉਸ ਬਾਰੇ ਨਜ਼ਮ ਲਿਖੀ। ਮੇਰੇ ਭਰਾ ਨੂੰ ਵੀਹ ਵਰ੍ਹੇ ਹੋ ਗਏ ਨੇ ਪਰਦੇਸ ਰਹਿੰਦਿਆਂ, ਪਰ ਅਜੇ ਤੀਕ ਵੀ ਸੁੱਕੇ ਨਹੀਂ ਉਸ ਦੀਆਂ ਅੱਖਾਂ ਵਿੱਚੋਂ ਅੱਥਰੂ। ਅੱਥਰੂ ਉਦਾਸੀ ਦਾ ਮਾਸੂਮ ਮਨੋਵੇਗ ਹੁੰਦੇ ਹਨ। ਜਿਉਂਦੇ ਆਦਮੀ ਦੇ ਰਾਹ ਚਸ਼ਮੇ। 'ਵਿਛੜਨ ਲੱਗਾ ਰੋਂਦਾ ਹੈ ਤੇ ਸਾਰਿਆਂ ਨੂੰ ਰਵਾਉਂਦਾ ਹੈ। ਮੇਰਾ ਭਰਾ ਅੱਖਾਂ ਨੂੰ ਪਿਘਲਾਉਣ ਲਈ ਪਿੰਡ ਆਉਂਦਾ ਹੈ।'

ਪਿੰਡ ਵੀ ਜੇ ਕੋਈ ਮੋਹ ਕਰਨ ਵਾਲਾ ਹੋਵੇ ਤਾਂ ਜੀਅ ਕਰਦਾ ਪਿੰਡ ਆਉਣ ਨੂੰ। ਕਈਆਂ ਲਈ ਪਿੰਡ ਵੀ ਪਰਦੇਸ ਹੋ ਗਏ। ਗਾਇਕ ਦੀਦਾਰ ਪਰਦੇਸੀ ਅੰਬਾਂ ਦੇ ਬੂਟਿਆਂ ਨੂੰ ਮਿਲਣ ਦੇ ਬਹਾਨੇ ਪਿੰਡ ਆਉਂਦਾ ਹੈ। ਸੁਰਜੀਤ ਪਾਤਰ ਨੇ ਪਿੰਡ ਵਾਲਾ ਘਰ ਤਿਆਗ ਦਿੱਤਾ। ਪਿੰਡ ਘਰ ਅਤੇ ਦੇਸ਼ ਆਪਣਿਆਂ ਕਰ ਕੇ ਧੜਕਦੇ ਹਨ। ਸੁਰਜੀਤ ਪਾਤਰ ਨੇ 'ਹੁਣ ਘਰਾਂ ਨੂੰ ਪਰਤਣਾ ਮੁਸ਼ਕਲ ਬੜਾ ਹੈ', 'ਇਸ ਨਗਰੀ ਮੇਰਾ ਜੀਅ ਨਹੀਂ ਲੱਗਦਾ' ਤੇ 'ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖੈਰ ਏ' ਵਰਗੀਆਂ ਉਦਾਸ ਨਜ਼ਮਾਂ ਲਿਖ ਕੇ ਪੰਜਾਬੀ ਬੰਦੇ ਨੂੰ ਅਮਰ ਅਤੇ ਅਮੀਰ ਕਰ ਦਿੱਤਾ। ਰੇਸ਼ਮਾ ਦੀ ਦਰਦ ਭਿੱਜੀ ਆਵਾਜ਼ ਵਿੱਚ ਗਾਇਆ ਗੀਤ 'ਹਾਏ ਓ ਰੱਬਾ ਨਹੀਉਂ ਲੱਗਦਾ ਦਿਲ ਮੇਰਾ' ਸਾਡੇ ਸਮਿਆਂ ਦੇ ਬਹੁਤੇ ਵਿਦਿਆਰਥੀਆਂ ਦੇ ਦਿਲ ਨੂੰ ਖਿੱਚ ਪਾਉਂਦਾ ਸੀ। ਦਿਲ ਨੂੰ ਖਿੱਚ ਪਾਉਂਦੀ ਗੀਤਕਾਰੀ ਤੇ ਗਾਇਕੀ ਰੂਹ ਨੂੰ ਰਾਹਤ ਤੇ ਰਹਾਊ ਦਿੰਦੀ ਹੈ। ਉਦਾਸੀ ਵਿੱਚੋਂ ਫਿਕਰ, ਫਿਰਾਕ ਤੇ ਫਲਸਫੇ ਦੀਆਂ ਧੁਨੀਆਂ ਉਦੈ ਹੁੰਦੀਆਂ ਹਨ। ਉਦਾਸੀ ਨੂੰ ਮਾਣਨ ਤੇ ਮੋਹ ਕਰਨ ਵਾਲੇ ਲੋਕਾਂ ਅੰਦਰ ਦਰਵੇਸ਼ੀ, ਦਾਰਸ਼ਨਿਕਤਾ ਤੇ ਦੂਰਅੰਦੇਸ਼ੀ ਪਨਪਦੀ ਹੈ। ਅਸੀਂ ਰਲ ਕੇ ਰੇਸ਼ਮਾ ਦਾ ਗੀਤ ਸੁਣਦੇ ਤੇ ਰੂਹਾਂ ਤ੍ਰਿਪਤ-ਕਰਦੇ।

ਯੂਨੀਵਰਸਿਟੀ ਵਿੱਚ ਪੜ੍ਹਨ ਲਈ ਪਹਿਲੀ ਵਾਰ ਜਦੋਂ ਮੈਂ ਪਟਿਆਲੇ ਗਿਆ ਤਾਂ ਮੇਰੇ ਲਈ ਇੱਕ ਹਫਤਾ ਕੱਢਣਾ ਔਖਾ ਹੋ ਗਿਆ। ਜੀਅ ਨਾ ਲੱਗੇ। ਦਿਨ ਗਿਣ-ਗਿਣ ਕੇ ਸ਼ਨੀਵਾਰ ਆਇਆ ਤੇ ਲਗਭਗ ਅਸੀਂ ਸਾਰੇ ਵਿਦਿਆਰਥੀ ਪਿੰਡਾਂ ਨੂੰ ਭੱਜ ਗਏ। ਮਾਂ ਕਹਿੰਦੀ ਕਿ 'ਏਨੀ ਜਲਦੀ ਕਿਉਂ ਆ ਗਿਆ ਤੂੰ?'

ਮੈਂ ਕਿਹਾ,''ਮਾਂ, ਦਿਲ ਨਹੀਂ ਲੱਗਦਾ।''

ਮਾਂ ਕਹਿੰਦੀ, ''ਦਿਲ ਲਾਉਣਾ ਪੈਂਦਾ ਪੁੱਤਰ, ਕਿਤਾਬਾਂ ਨੂੰ ਮਾਂ ਬਣਾ, ਲੱਗ ਜਾਏਗਾ ਦਿਲ।'' ਮਾਂ ਦੀ ਨੇਕ ਨਸੀਹਤ ਮੰਨ ਕੇ ਕਿਤਾਬਾਂ ਨੂੰ ਮਾਂ ਬਣਾ ਲਿਆ। ਕਿਤਾਬਾਂ ਨਾਲ ਮੋਹ ਪੈ ਗਿਆ। ਅੱਜ ਵੀ ਜਦੋਂ ਦਿਲ ਉਦਾਸ ਹੁੰਦਾ ਹੈ ਤਾਂ ਕਿਤਾਬ ਮੇਰਾ ਜੀਅ ਲਾਉਂਦੀ ਹੈ। ਕਿਤਾਬਾਂ ਨਾਲ ਨੇੜਤਾ ਵਿੱਚੋਂ ਕਵਿਤਾ ਜਨਮੀ। ਅਨਪੜ੍ਹ ਮਾਂ ਦੇ ਬੋਲਾਂ ਦੀ ਸਾਦਾ ਦਿਲ ਸਿੱਖਿਆ ਤੇ ਸੰਵੇਦਨਾ ਨੇ ਮੈਨੂੰ ਮਾਂ ਵਰਗੀ ਕਵਿਤਾ ਦੇ ਪਾਕੀਜ਼ ਪੰਧ ਦਾ ਰਸਤਾ ਤੇ ਰੂਹ ਦਿਖਾਈ। ਅੱਜ ਕੱਲ੍ਹ ਪੁਸਤਕਾਂ ਨਾਲ ਜੀਅ ਲਾਉਂਦਾ ਹਾਂ।

'ਪੁਸਤਕਾਂ ਦਾ ਨੇੜ ਉਦਰੇਵੇਂ ਉਦਾਸੀਆਂ ਭਜਾਵੇ,
ਪੁਸਤਕਾਂ ਦਾ ਨਿਹੁੰ ਸੰਘਰਸ਼ ਕਰਨਾ ਸਿਖਾਵੇ।'

ਮਾਂ ਦੇ ਦਿਲ ਵਰਗਾ ਦਿਲ ਹੋਰ ਕਿਸੇ ਕੋਲ ਨਹੀਂ। ਮਾਂ ਦਾ ਦਿਲ ਬੱਚਿਆਂ ਦੇ ਦਿਲਾਂ ਦੀ ਹਰ ਹਰਕਤ ਅਤੇ ਹਰ ਧੜਕਣ ਨੂੰ ਜਾਣਦਾ ਹੈ। ਮਾਂ ਭਾਵੇਂ ਦੁਨੀਆ ਤੋਂ ਚਲੀ ਜਾਂਦੀ ਹੈ, ਪਰ ਮਰਦੀ ਨਹੀਂ। ਅਸੀਂ ਆਪਣ ਦੁੱਖ, ਫਿਕਰ, ਝੋਰਾ, ਵਿਯੋਗ ਤੇ ਬੇਗਾਨਗੀ ਮੋਈ ਮਾਂ ਨੂੰ ਦੱਸਦੇ ਰਹਿੰਦੇ ਹਾਂ। ਸੱਚੇ ਸਮੁੱਚੇ, ਸੰਵੇਦਨਸ਼ੀਲ ਤੇ ਸੁਪਨਸਾਜ਼ ਜਜ਼ਬਿਆਂ ਦੀ ਕੁੱਖੋਂ ਜਨਮੀਆਂ ਕਵਿਤਾਵਾਂ ਮਾਂ ਵਰਗੀਆਂ ਹੁੰਦੀਆਂ ਹਨ। ਉਦਾਸ ਸ਼ਾਇਰੀ ਮਾਂ ਦੇ ਫਿਕਰ ਵਰਗੀ ਹੁੰਦੀ ਹੈ।

ਕਿਸੇ ਜ਼ਮਾਨੇ ਬਸ਼ੀਰ ਬਦਰ ਦਾ ਗੀਤ ਬਹੁਤ ਮਕਬੂਲ ਹੋਇਆ, 'ਦਿਲ ਚੀਜ਼ ਕਯਾ ਹੈ ਆਪ ਮੇਰੀ ਜਾਨ ਲੀਜੀਏ' ਗੀਤ ਦਾ ਸੂਖਮ ਸੰਬੋਧਨ ਅਰਪਿਤ ਨਿਛਾਵਰ ਕਰਨ ਦੀ ਲੈਆਤਮਕ ਹੂਕ ਬੇਚੈਨ ਰੂਹਾਂ ਨੂੰ ਅੰਦਰੋਂ ਤੜਫਾਉਂਦੀ ਅਤੇ ਤਰੰਨੁਮ ਕਰਦੀ ਰਹੀ। ਕੋਰੋਨਾ ਦੇ ਖੌਫ ਨੇ ਚੰਗੇ-ਭਲੀ ਦੁਨੀਆ ਨੂੰ ਅਲਹਿਦਗੀ, ਆਵਾਜ਼ਾਰੀ ਅਤੇ ਅਸਥਿਰਤਾ ਕਾਰਨ ਬੇਚੈਨ ਕਰ ਦਿੱਤਾ ਹੈ। ਦੂਰੀਆਂ ਤੇ ਵਿੱਥਾਂ ਨੇ ਆਦਮੀ ਨੂੰ ਮਾਤਮੀ ਤੇ ਮੋਹਹੀਣ ਅਹਿਸਾਸਾਂ ਤੇ ਅਫਵਾਹਾਂ ਨਾਲ ਭਰ ਦਿੱਤਾ। ਘਰ ਬੇਗਾਨਗੀ ਹੰਢਾਉਣ ਲੱਗੇ। ਇਸੇ ਲਈ ਦਿਲ ਲੱਗਣੇ ਹਟ ਗਏ। ਮੋਹਭੰਗਤਾ ਤੇ ਮਾਤਮ ਦੇ ਮਾਹੌਲ ਸਦਕਾ ਜਿਊਣ ਦੇ ਜਜ਼ਬੇ ਤੇ ਜੀਵੰਤਤਾ ਨਿਰਬਲ ਹੋ ਗਈ ਹੈ। ਸਿਰਫ ਕਲਾ, ਕਿਤਾਬ ਤੇ ਕੁਦਰਤ ਨੂੰ ਪਿਆਰ ਕਰਨ ਵਾਲੇ ਲੋਕ ਹੀ ਨਿਰਾਸ਼ ਤੇ ਨਾਂਹ ਮੁਖੀ ਹੋਣ ਤੋਂ ਬਚ ਸਕੇ ਹਨ। ਇਸ ਦੌਰ ਵਿੱਚ ਬਹੁਤ ਲੋਕਾਂ ਨੂੰ ਫੋਨ ਕੀਤੇ। ਸਾਰੇ ਲੋਕ ਦਿਲ ਡਾਹੂ ਬਿਮਾਰੀ ਤੋਂ ਪੀੜਤ ਲੱਗੇ। ਮੌਤ ਮਨਾਂ ਵਿੱਚ ਵੜ ਗਈ ਜਾਪਦੀ ਹੈ।

ਦਿਸ਼ਾਹੀਣ ਹੋ ਗਿਆ ਜਹਾਨ ਸਾਰਾ। ਅਜਿਹੇ ਉਬਾਟ ਤੇ ਓਦਰੇ ਮੌਸਮ ਵਿੱਚ ਕਿਤਾਬਾਂ ਨੇ ਜੀਅ ਲਾਇਆ। ਪੰਜਾਬੀ ਮਨ ਕੋਲ ਅਸੀਸਾਂ, ਅਰਜ਼ੋਈਆਂ ਤੇ ਦੁਆਵਾਂ ਦੀ ਕਾਵਿਕ ਵਿਰਾਸਤ ਦਾ ਦਾਰਸ਼ਨਿਕ ਖਜ਼ਾਨਾ ਹੈ। 'ਰੱਬਾ ਰੱਬਾ ਮੀਂਹ ਵਰ੍ਹਾ' ਜਿਹੀ ਅਰਜ਼ੋਈ ਨੇ ਸਾਡੇ ਮਨਾਂ ਅੰਦਰ ਉਮੀਦ ਉਡੀਕ ਤੇ ਊਰਜਾ ਕਦੇ ਮੁੱਕਣ ਨਹੀਂ ਦਿੱਤੀ।

ਇਸੇ ਲਈ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਨਿੱਕੇ ਨਿੱਕੇ ਪੰਜਾਬ ਵਸਾ ਲਏ ਹਨ। ਵਿਰਾਸਤ ਤੋਂ ਬੇਮੁਖ ਹੋ ਕੇ ਬਾਜ਼ਾਰ ਵੱਲ ਆਕਰਸ਼ਿਤ ਹੋਣ ਨਾਲ ਬੰਦਾ ਵਸਤੂ ਹੋਣ ਦੇ ਚੱਕਰ ਵਿੱਚ ਫਸ ਜਾਂਦਾ ਹੈ। ਮਾਨਵੀ ਧੜਕਣਾਂ ਦੀ ਬਰਸਾਤ ਬਿਨਾਂ ਮਾਰੂਥਲ ਹੋ ਜਾਂਦਾ ਹੈ ਆਦਮੀ, ਮਨ, ਚਿੱਤ, ਜਾਨ ਅਤੇ ਜੀਅ ਵਾਸਤਵ ਵਿੱਚ ਦਿਲ ਦੇ ਵੱਖ-ਵੱਖ ਰੰਗਾਂ ਦੀਆਂ ਮਾਨਵੀ ਧੁਨੀਆਂ ਤੇ ਧੜਕਣਾਂ ਹਨ। ਪੁਰਾਣੇ ਲੋਕਾਂ ਕੋਲ ਸਾਦਗੀ, ਸੁਹਿਰਦਤਾ, ਸੁਦ੍ਰਿੜਤਾ, ਸਹਿਯੋਗ ਅਤੇ ਸਮਰਪਣ ਜਿਹੀਆਂ ਮਾਨਵੀ ਬਿਰਤੀਆਂ ਤੇ ਬਾਦਸ਼ਾਹੀਆਂ ਸਨ, ਜੋ ਉਨ੍ਹਾਂ ਨੂੰ ਔਕੜਾਂ ਵਿੱਚ ਵੀ ਡੋਲਣ ਨਹੀਂ ਸਨ ਦਿੰਦੀਆਂ। ਅਜੋਕੇ ਬੰਦੇ ਕੋਲ ਮਾਨਵੀ ਔਸ਼ਧੀਆਂ ਤੇ ਆਕਸੀਜਨਾਂ ਦਾ ਭੰਡਾਰ ਨਹੀਂ ਹੈ. ਪੈਸੇ, ਪਦਾਰਥ, ਪ੍ਰਾਪਤੀਆਂ ਤੇ ਪ੍ਰਭੂਤਾਵਾਂ ਨੇ ਬੰਦੇ ਨੂੰ ਬਿਮਾਰ ਤੇ ਬੇਦਿਲ ਕਰ ਦਿੱਤਾ ਹੈ। ਕਿਤਾਬਾਂ ਕਾਗਜ਼ੀ ਹੋ ਗਈਆਂ ਹਨ।

ਸਿਧਾਂਤਾਂ ਕੋਲ ਸੰਵੇਦਨਾ ਨਹੀਂ। ਸਿਆਸਤ ਸੱਤਾ ਦਾ ਆਨੰਦ ਲੈਣ ਲਈ ਮਸ਼ਰੂਫ ਹੈ। ਕਾਵਿਕ, ਕਰਮਾਂਵਾਲੇ, ਕਿਰਿਆਸ਼ੀਲ ਅਤੇ ਕਲਾਵੰਤ ਲੋਕਾਂ ਦਾ ਜਹਾਨ ਸੁੰਗੜਦਾ ਜਾ ਰਿਹਾ ਹੈ। ਬਾਜ਼ਾਰ ਨੇ ਉਦਾਸੀਆਂ, ਹੇਰਵਿਆਂ, ਹਿਰਖਾਂ ਤੇ ਹੈਰਾਨਗੀਆਂ ਲਈ ਵਸਤੂ ਭੋਗੀ ਫਾਰਮੂਲੇ ਤੇ ਫਲਸਫੇ ਘੜ ਲਏ ਹਨ। ਡਿਜੀਟਲ ਲਿਫਾਫੇਬਾਜ਼ੀਆਂ ਨਾਲ ਦਿਲ ਪਰਚਾਏ ਜਾ ਰਹੇ ਹਨ। ਸਾਡਾ ਨਿੱਕਾ ਜਿਹਾ ਪੋਤਰਾ ਚਾਰ ਮਹੀਨੇ ਸਾਡੇ ਕੋਲ ਰਿਹਾ। ਖਾਣਾ-ਪੀਣਾ ਤੇ ਪੜ੍ਹਨਾ-ਲਿਖਣਾ ਸਭ ਕੁਝ ਭੁੱਲ ਗਏ ਅਸੀਂ। ਬੱਚੇ ਨਾਲ ਬੱਚੇ ਹੋ ਗਏ। ਬਹੁਤ ਜੀਅ ਲੱਗਾ। ਬਿਰਧ ਸਰੀਰਾਂ ਵਿੱਚ ਜਾਨ, ਜੁੰਬਿਸ਼ ਤੇ ਜ਼ਿੰਦਗੀ ਉਰਜਿਤ ਹੋਈ। ਕੁਝ ਨਹੀਂ ਲਿਖ ਹੋਇਆ ਮੈਥੋਂ। ਮੈਂ ਉਸ ਬੱਚੇ ਦੀਆਂ ਨਜ਼ਮਾਂ ਗੀਤ ਸੁਣ ਸੁਣ ਕੇ ਕਾਵਿਕ ਹੁੰਦਾ ਰਿਹਾ। ਉਸ ਦੇ ਯੂ ਕੇ ਚਲੇ ਜਾਣ ਪਿੱਛੋਂ ਘਰ ਉਦਾਸ ਹੈ। ਰੋਜ਼ ਡਿਜੀਟਲ ਗੱਲਬਾਤ ਹੁੰਦੀ ਹੈ, ਪਰ ਮਿਲਾਪ ਅਤੇ ਮੋਹ ਦੀਆਂ ਆਦਰਾਂ ਪਹਿਲਾਂ ਵਾਂਗ ਨਹੀਂ ਪੰਘਰਦੀਆਂ। ਪਰਦੇਸ ਦੀਆਂ ਦੂਰੀਆਂ ਇੰਝ ਹੀ ਹੌਲੀ-ਹੌਲੀ ਮੋਹ, ਮਿਲਾਪ ਅਤੇ ਮਿਠਾਸ ਨੂੰ ਸੁਕਾ ਦਿੰਦੀਆਂ ਹਨ। ਜੀਅ ਨਾ ਲੱਗਣਾ ਸਜੀਵ ਤੇ ਸਜਿੰਦੇ ਲੋਕਾਂ ਦੀ ਫਿਤਰਤ ਤੇ ਫਲਸਫਾ ਹੈ। ਸੁੱਕੇ ਹੋਏ ਤਨ ਕੀ ਉਦਾਸ ਹੋਣਗੇ?

ਉਦਾਸੀਆਂ ਦੀ ਖ਼ੈਰ ਮੰਗੀਏ ਤਾਂ ਕਿ ਰਾਹਤ ਜਿਊਂਦੀ ਰਹੇ। ਉਦਾਸ ਹੋਣ ਨਾਲ ਸਵੇਰ ਵਰਗੀ ਉਡੀਕ ਜਾਗਦੀ ਹੈ। ਜਜ਼ਬਿਆਂ ਦੀਆਂ ਜਗੀਰਾਂ ਮੁੱਕਦੀਆਂ ਨਹੀਂ। ਜਜ਼ਬੇ ਹੋਣਗੇ ਤਾਂ ਸਰੀਰ ਜ਼ਿੰਦਾ ਰਹਿਣਗੇ। ਸਿਰਫ ਸਰੀਰਾਂ ਦਾ ਕੀ ਕਰਾਂਗੇ। ਜੀਅ ਲਾਉਣ ਲਈ ਮਨੁੱਖ ਨੂੰ ਖਾਬਸ਼ੀਲ ਤੇ ਖ਼ਾਕਸਾਰ ਹੋਣਾ ਪੈਣਾ। ਨੇੜਲਿਆਂ ਨੂੰ ਆਵਾਜ਼ ਮਾਰਨੀ ਪਵੇਗੀ। ਖੁਦ ਨੂੰ ਖੁਦਾ ਸਮਝ-ਸਮਝ ਕੇ ਅਕਾਵਿਕ ਤੇ ਅਪਾਹਜ ਹੋ ਜਾਵਾਂਗੇ।



# ਦਿੱਲੀ ਤੋਂ ਨਾਬਾਲਗ ਕੁੜੀ ਲੈ ਕੇ ਭੱਜਾ ਕਰਨਾਲ ਦਾ ਮੁੰਡਾ ਜਲੰਧਰ ਤੋਂ ਕਾਬੂ



ਜਲੰਧਰ, 5 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬਾਈਪਾਸ ਉੱਤੇ ਪਠਾਨਕੋਟ ਚੌਕ ਵਿੱਚ ਕਾਰ ਵਿੱਚੋਂ ਉਤਰਦੇ ਸਾਰ ਕੁਝ ਲੋਕਾਂ ਨੇ ਇੱਕ ਨੌਜਵਾਨ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ। ਕਾਰ ਉੱਤੇ ਦਿੱਲੀ ਦਾ ਨੰਬਰ ਦੇਖ ਕੇ ਰਾਹਗੀਰਾਂ ਨੇ ਥਾਣਾ ਨੰਬਰ ਅੱਠ ਦੀ ਪੁਲਸ ਨੂੰ ਦੱਸਿਆ ਤਾਂ ਪਤਾ ਲੱਗਾ ਕਿ ਦੋ ਕਾਰਾਂ ਵਿੱਚ ਦਿੱਲੀ ਪੁਲਸ ਦੇ ਮੁਲਾਜ਼ਮ ਅਤੇ ਨਾਬਾਲਗ ਲੜਕੀ ਦੇ ਪਰਵਾਰਕ ਮੈਂਬਰ ਆਏ ਸਨ ਅਤੇ ਜਿਸ ਨੌਜਵਾਨ ਨਾਲ ਕੁੱਟਮਾਰ ਹੋਈ, ਉਹ ਨਾਬਾਲਗ ਕੁੜੀ ਨੂੰ ਵਰਗਲਾ ਕੇ ਦਿੱਲੀ ਤੋਂ ਭਜਾ ਕੇ ਲਿਆਇਆ ਸੀ। ਦਿੱਲੀ ਪੁਲਸ ਕੁੜੀ ਨੂੰ ਬਰਾਮਦ ਕਰ ਕੇ ਨੌਜਵਾਨ ਨੂੰ ਆਪਣੇ ਨਾਲ ਦਿੱਲੀ ਲੈ ਗਈ ਹੈ, ਜਿੱਥੇ ਨਾਬਾਲਗਾ ਨੂੰ ਭਜਾ ਕੇ ਲਿਜਾਣ ਦੀ ਸ਼ਿਕਾਇਤ ਦਰਜ ਕੀਤੀ ਹੋਈ ਸੀ।

ਥਾਣਾ ਨੰਬਰ ਅੱਠ ਦੇ ਇੰਚਾਰਜ ਰਵਿੰਦਰ ਕੁਮਾਰ ਨੇ ਦੱਸਿਆ ਕਿ ਕਰਨਾਲ ਦਾ ਨੌਜਵਾਨ ਮੁਨੀਸ਼ ਪੁੱਤਰ ਸਤਬੀਰ ਦਿੱਲੀ ਦੀ ਨਾਬਾਲਗ ਲੜਕੀ ਨੂੰ ਵਰਗਲਾ ਕੇ ਕੱਲ੍ਹ ਭਜਾ ਲਿਆਇਆ ਸੀ। ਕੁੜੀ ਦੇ ਪਰਵਾਰਨੇ ਇਸ ਬਾਰੇ ਦਿੱਲੀ ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਦਿੱਲੀ ਪੁਲਸ ਨੇ ਮੁਨੀਸ਼ ਉੱਤੇਕੇਸ ਦਰਜ ਕਰ ਲਿਆ ਸੀ। ਪੁਲਸ ਨੇ ਮੋਬਾਈਲ ਲੋਕੇਸ਼ਨ ਦੇ ਆਧਾਰ ਉੱਤੇ ਜਦੋਂ ਪਠਾਕੋਟ ਚੌਕ ਵਿੱਚ ਛਾਪਾ ਮਾਰਿਆ ਤਾਂ ਉਸ ਨਾਲ ਕੁੜੀ ਦੇ ਪਰਵਾਰ ਵਾਲੇ ਵੀ ਸਨ। ਜਿਉਂ ਲੜਕੀ ਦੇ ਪਰਵਾਰਕ ਮੈਂਬਰਾਂ ਨੇ ਮੁਨੀਸ਼ ਨੂੰ ਆਪਣੀ ਧੀ ਨਾਲ ਦੇਖਿਆ ਤਾਂ ਫੜ ਕੇ ਕੁੱਟਮਾਰ ਸ਼ੁਰੂ ਕਰ ਦਿੱਤੀ। ਦਿੱਲੀ ਪੁਲਸ ਨੇ ਨੌਜਵਾਨ ਦਾ ਬਚਾਅ ਕੀਤਾ। ਫਿਰ ਮੌਕੇ ਉੱਤੇ ਥਾਣਾ ਨੰਬਰ ਅੱਠ ਦੀ ਪੁਲਸ ਵੀ ਪਹੁੰਚ ਗਈ ਅਤੇ ਦੋਵਾਂ ਧਿਰਾਂ ਨੂੰ ਥਾਣੇ ਲੈ ਗਈ, ਜਿੱਥੇ ਦਿੱਲੀ ਪੁਲਸ ਨੇ ਜਲੰਧਰ ਪੁਲਸ ਨੂੰ ਸ਼ਿਕਾਇਤ ਦੀ ਕਾਪੀ ਦਿਖਾਈ ਅਤੇ ਫਿਰ ਪੁਲਸ ਨੇ ਨੌਜਵਾਨ ਨੂੰ ਦਿੱਲੀ ਪੁਲਸ ਨੂੰ ਸੌਂਪ ਦਿੱਤਾ।ਇੰਸਪੈਕਟਰ ਰਵਿੰਦਰ ਕੁਮਾਰ ਨੇ ਕਿਹਾ ਕਿ ਨਾਬਾਲਗ ਲੜਕੀ ਬਰਾਮਦ ਕਰ ਕੇ ਦਿੱਲੀ ਪੁਲਸ ਤੇ ਲੜਕੀ ਦੇ ਪਰਵਾਰ ਵਾਲੇ ਲੈ ਗਏ ਹਨ। ਜਲੰਧਰ ਪੁਲਸ ਨੇ ਇਸ ਬਾਰੇ ਕਾਨੂੰਨੀ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੁਨੀਸ਼ ਨਾਲ ਕੋਈ ਕੁੱਟਮਾਰ ਨਹੀਂ ਕੀਤੀ ਗਈ, ਉਸ ਨੂੰ ਜਿਹੜੀ ਸੱਟ ਲੱਗੀ ਹੈ, ਉਹ ਭੱਜਦੇ ਹੋਏ ਲੱਗੀ।

# ਭਾਜਪਾ ਵੱਲੋਂ ਮੋਦੀ ਦੇ ਸਿੱਖਾਂ ਨਾਲ ਸੰਬੰਧਾਂ ਬਾਰੇ 71 ਸਫੇ ਦੀ ਕਿਤਾਬ ਵੰਡਣੀ ਸ਼ੁਰੂ

ਚੰਡੀਗੜ੍ਹ, 5 ਜੁਲਾਈ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਸੁਧਾਰ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਸੰਘਰਸ਼ ਵਿੱਚ ਫਸੀ ਹੋਈ ਭਾਰਤੀ ਜਨਤਾ ਪਾਰਟੀ ਅੱਜ ਕੱਲ੍ਹ ਪੰਜਾਬੀਆਂ ਨਾਲ ਸੰਬੰਧ ਸੁਧਾਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬੀਆਂ ਤੇ ਸਿੱਖਾਂ ਦਾ ਹਿਤੈਸ਼ੀ ਦੱਸਣ ਲੱਗ ਗਈ ਹੈ। ਕਿਸਾਨਾਂ ਵੱਲੋਂ ਭਾਜਪਾ ਆਗੂਆਂ ਦੇ ਘਿਰਾਓ ਕਰਨ ਤੇ ਰੋਸ ਮੁਜ਼ਾਹਰਿਆਂ ਦੇ ਜਵਾਬ ਵਿੱਚ ਭਾਜਪਾ ਨੇ ਚੁੱਪ-ਚੁਪੀਤੀ ਨੀਤੀ ਹੇਠ ਪੰਜਾਬੀਆਂ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਕੇਂਦਰ ਸਰਕਾਰ ਨੇ ਪੰਜਾਬ ਲਈ ਕੀ-ਕੀ ਕੀਤਾ ਹੈ।



ਇਸ ਮਕਸਦ ਲਈ ਭਾਜਪਾ ਨੇ ਬਾਕਾਇਦਾ 71 ਸਫੇ ਦੀ ਕਿਤਾਬ ਛਪਵਾਈ ਹੈ, ਜਿਸ ਹਰ ਵਿਧਾਨ ਸਭਾ ਹਲਕੇ ਦੇ 150 ਤੋਂ 200 ਖਾਸ ਲੋਕਾਂਵਿੱਚ ਵੰਡਿਆ ਗਿਆ ਹੈ। 'ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੇ ਸਿੱਖਾਂ ਨਾਲ ਖਾਸ ਸੰਬੰਧ' ਨਾਂਅ ਦੀ ਕਿਤਾਬ ਦੀ ਵੰਡ ਭਾਜਪਾ ਪਿਛਲੇ ਕਰੀਬ ਤਿੰਨ ਹਫਤਿਆਂ ਤੋਂ ਕਰ ਰਹੀ ਹੈ। ਇਸ ਨੂੰ ਖਾਸ ਤੌਰ ਉੱਤੇ ਸਿੱਖ ਧਰਮ ਨਾਲ ਜੋੜਿਆ ਗਿਆ ਅਤੇ ਕਰਤਾਰਪੁਰ ਲਾਂਘੇ ਤੋਂ ਲੈ ਕੇ 1984 ਦੇ ਸਿੱਖ ਵਿਰੋਧੀਆਂ ਦੰਗਿਆਂ, ਟੈਕਸ ਮੁਕਤ ਲੰਗਰ, ਖਾੜਕੂਵਾਦ ਦੇ ਦਿਨਾਂ ਵਿੱਚ ਬਣੀ ਕਾਲੀ ਸੂਚੀ ਵਿੱਚੋਂ ਨਾਂਅ ਹਟਵਾਉਣੇ, ਸਿੱਖ ਨੌਜਵਾਨਾਂ ਨੂੰ ਸ਼ਕਤੀਸ਼ਾਲੀ ਬਣਾਉਣ ਵਰਗੇ 19 ਨੁਕਤਿਆਂ ਉੱਤੇ ਜ਼ੋਰ ਦਿੱਤਾ ਗਿਆ ਹੈ। ਕਿਤਾਬ ਦੇ ਟਾਈਟਲ ਉੱਤੇ ਕਰਤਾਰਪੁਰ ਲਾਂਘਾ ਸ਼ੁਰੂ ਕਰਨ ਵਾਲੇ ਦਿਨ ਦੀ ਤਸਵੀਰ ਛਾਪੀ ਗਈ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਮੁਤਾਬਕ ਪਹਿਲੇ ਗੇੜ ਵਿੱਚ ਹਰ ਵਿਧਾਨ ਸਭਾ ਦੇ ਖਾਸ ਲੋਕਾਂ, ਜਿਹੜੇ ਧਰਮ, ਵਪਾਰ ਜਾਂ ਸਮਾਜ ਵਿੱਚ ਚੰਗਾ ਅਸਰ ਰੱਖਦੇ ਹਨ, ਨੂੰ ਕਿਤਾਬ ਵੰਡੀ ਗਈ ਹੈ। ਪਾਰਟੀ ਇਸ ਕਿਤਾਬ ਨੂੰ ਛੇਤੀਹੀ ਹੋਰ ਲੋਕਾਂ ਵਿੱਚ ਵੀ ਵੰਡੇਗੀ। ਅਹਿਮ ਪੱਖ ਇਹ ਹੈ ਕਿ ਕਿਤਾਬ ਵਿੱਚ ਕਿਸਾਨੀ ਤੇ ਕਿਸਾਨੀ ਨਾਲ ਸਬੰਧਤ ਹੋਰ ਮੁੱਦਿਆਂ ਬਾਰੇ ਕੋਈ ਜ਼ਿਕਰ ਨਹੀਂ ਹੈ। ਭਾਜਪਾ ਨੇ ਖਾਸ ਤੌਰ ਉੱਤੇ ਧਾਰਮਿਕ ਅਤੇ ਜਜ਼ਬਾਤੀ ਮੁੱਦੇ ਲਏ ਅਤੇ ਕਿਸਾਨ ਆਗੂਆਂ ਦੇ ਵਿਰੋਧ ਕਾਰਨ ਪੰਜਾਬ ਪੰਜਾਬ ਦੇ ਆਗੂਆਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਸਰਗਰਮੀਆਂ ਵਧਾਉਣ ਦੀ ਹਦਾਇਤ ਕੀਤੀ ਹੈ। ਭਾਜਪਾ ਇਹ ਨਹੀਂ ਚਾਹੁੰਦੀ ਕਿ ਜਨਤਕ ਸਮਾਗਮਾਂ ਮੌਕੇ ਕਿਸਾਨਾਂ ਨਾਲ ਟਕਰਾਅ ਵਾਲੀ ਸਥਿਤੀ ਬਣੀ ਰਹੇ।

# ਇੱਕੋ ਪਰਵਾਰ ਦੇ ਚਾਰ ਜੀਅ ਗੋਲੀਆਂ ਮਾਰ ਕੇ ਮਾਰੇ, ਦੋ ਫੱਟੜ

*** ਕਤਲ ਕਰਨ ਵਾਲਾ ਕਾਂਗਰਸੀ ਆਗੂ ਫ਼ਰਾਰ**



ਬਟਾਲਾ, 5 ਜੁਲਾਈ (ਪੋਸਟ ਬਿਊਰੋ)- ਪੁਲਸ ਜ਼ਿਲ੍ਹਾ ਬਟਾਲਾ ਦੇ ਕਸਬਾ ਘੁਮਾਣ ਦੇ ਪਿੰਡ ਬੱਲੜਵਾਲ ਵਿਖੇ ਕਾਂਗਰਸ ਦੇਇੱਕ ਆਗੂ ਨੇ ਕੱਲ੍ਹ ਤੜਕੇ ਅੰਨ੍ਹਵਾਹ ਗੋਲੀਆਂ ਚਲਾ ਕੇ ਇੱਕੋ ਘਰ ਦੇ ਚਾਰ ਲੋਕਾਂ ਨੂੰ ਮਾਰ ਦਿੱਤਾ ਅਤੇ ਦੋ ਗੰਭੀਰ ਜ਼ਖ਼ਮੀ ਹਨ। ਪੁਲਸ ਨੇ ਮ੍ਰਿਤਕਾਂ ਦੇ ਪਰਵਾਰਕ ਮੈਂਬਰ ਜਸਪਾਲ ਸਿੰਘ ਦੇ ਬਿਆਨਾਂ ਉੱਤੇਕੇਸ ਦਰਜ ਕੀਤਾ ਹੈ। ਜਸਪਾਲ ਸਿੰਘ ਨੇ ਦੱਸਿਆ ਕਿ ਮੇਰੇ ਭਰਾ ਸੁਖਵਿੰਦਰ ਸਿੰਘ ਨੇ ਪਿੰਡ ਦੇ ਇੱਕ ਵਿਅਕਤੀ ਦੀ ਜ਼ਮੀਨ ਠੇਕੇ ਉੱਤੇ ਲਈ ਸੀ। ਸੁਖਵਿੰਦਰ ਸਿੰਘ ਅਤੇ ਮੇਰਾ ਭਤੀਜਾ ਹਰਮਨ ਸਵੇਰੇ 5.30 ਵਜੇ ਮੋਟਰ ਚਲਾਉਣ ਗਏ ਤਾਂ ਓਥੇ ਸੁਖਵਿੰਦਰ ਸਿੰਘ ਸੋਨੀ ਮੌਜੂਦਾ ਪੰਚਾਇਤ ਮੈਂਬਰ ਤੇ ਉਸ ਦਾ ਭਰਾ ਜਤਿੰਦਰ ਸਿੰਘ ਜੋਤੀ ਆ ਗਏ। ਸੁਖਵਿੰਦਰ ਸਿੰਘ ਦੇ ਹੱਥ ਵਿੱਚ ਪਿਸਟਲ ਸੀ ਤੇ ਉਸ ਨੇ ਆਉਂਦਿਆਂ ਹੀ ਉਨ੍ਹਾਂ ਨੇ ਮੇਰੇ ਭਰਾ ਤੇ ਭਤੀਜੇ ਨੂੰ ਗੋਲੀਆਂ ਮਾਰ ਦਿੱਤੀਆਂ। ਇਸ ਦੀ ਆਵਾਜ਼ ਸੁਣ ਕੇ ਪਿੰਡ ਤੋਂ ਮੇਰਾ ਭਰਾ ਜਸਬੀਰ ਸਿੰਘ ਤੇ ਮੇਰਾ ਲੜਕਾ ਬਬਨਦੀਪ ਗਏ ਤਾਂ ਜਤਿੰਦਰ ਸਿੰਘ ਜੋਤੀ ਨੇ ਆਪਣੇ ਭਰਾ ਸੁਖਵਿੰਦਰ ਸੋਨੀ ਤੋਂ ਪਿਸਟਲ ਫੜ ਕੇ ਉਨ੍ਹਾਂ ਉੱਤੇ ਵੀ ਗੋਲੀਆਂ ਚਲਾ ਦਿੱਤੀਆਂ। ਮੇਰੇ ਪਿਤਾ ਮੰਗਲ ਸਿੰਘ ਤੇ ਜਸ਼ਨਪ੍ਰੀਤ ਸਿੰਘ ਵੀ ਆਵਾਜ਼ ਸੁਣ ਕੇ ਉਸ ਜਗ੍ਹਾਪਹੁੰਚ ਰਹੇ ਸਨ ਕਿ ਰਸਤੇ ਵਿੱਚ ਸੋਨੀ ਨੇ ਮੇਰੇ ਪਿਤਾ ਮੰਗਲ ਸਿੰਘ ਤੇ ਜਸ਼ਨਪ੍ਰੀਤ ਦੇ ਵੀ ਗੋਲੀਆਂ ਮਾਰ ਦਿੱਤੀਆਂ। ਮੇਰੇ ਪਿਤਾ ਮੰਗਲ ਸਿੰਘ ਤੇ ਭਰਾ ਸੁਖਵਿੰਦਰ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ, ਜਦੋਂ ਕਿ ਬਬਨਦੀਪ ਸਿੰਘ ਤੇ ਜਸਬੀਰ ਸਿੰਘ ਨੂੰ ਸਿਵਲ ਹਸਪਤਾਲਬਟਾਲਾ ਲਿਆਂਦਾ ਸੀ, ਜਿੱਥੇ ਉਨ੍ਹਾਂ ਦੀ ਵੀ ਮੌਤ ਹੋ ਗਈ। ਹਰਮਨ ਤੇ ਜਸ਼ਨ ਨੂੰ ਡਾਕਟਰਾਂ ਨੇ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲਭੇਜ ਦਿੱਤਾ। ਜਸਪਾਲ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸੋਨੀ ਤੇ ਜਤਿੰਦਰ ਜੋਤੀ ਨਾਲ ਸਰਪੰਚੀ ਦੀਆਂ ਚੋਣਾਂ ਤੇ ਰਾਸ਼ਨ ਡੀਪੂ ਬਾਰੇ ਰੰਜ਼ਿਸ਼ ਚੱਲ ਰਹੀ ਸੀ।

ਡੀ ਐਸ ਪੀ ਸ੍ਰੀ ਹਰਗੋਬਿੰਦਪੁਰ ਹਰਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਦੋਸ਼ੀ ਸੁਖਵਿੰਦਰ ਸੋਨੀ ਅਤੇ ਜਤਿੰਦਰ ਜੋਤੀ ਉੱਤੇ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਕੇ ਵੱਖ-ਵੱਖ ਟੀਮਾਂ ਬਣਾ ਦਿੱਤੀਆਂ ਹਨ ਤੇ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਹਸਪਤਾਲ ਵਿੱਚਦਾਖਲ ਹਰਮਨਦੀਪ ਤੇ ਹੋਰ ਪਰਵਾਰਕ ਮੈਂਬਰਾਂ ਦੇ ਦੱਸਣ ਮੁਤਾਬਕ ਘਰ ਦਾ ਇੱਕ ਨੌਜਵਾਨ ਲੜਕਾ, ਜੋ ਮੌਕੇ ਉੱਤੇ ਘਰੋਂ ਭੱਜ ਗਿਆ, ਦੇ ਪ੍ਰੇਮ ਸੰਬੰਧਾਂ ਦੁਆਲੇ ਘੁੰਮਦਾ ਇਹ ਦਰਦਨਾਕ ਹਾਦਸਾ ਕਿਹਾ ਜਾ ਰਿਹਾ ਹੈ। ਘਰ ਦੀ ਇੱਕ ਔਰਤ ਨੇ ਪੈਲੀ ਨੂੰ ਪਾਣੀ ਲਾਉਣ ਤੇ ਵੱਟ ਪਾਉਣ ਬਾਰੇ ਵੀ ਦੱਸਿਆ ਸੀ, ਪ੍ਰੰਤੂ ਇਲਾਕੇ ਦੇ ਲੋਕਾਂ ਮੁਤਾਬਕ ਇਹ ਵਾਰਦਾਤ ਅਣਖ ਖਾਤਰ ਕਤਲ ਕਹੀ ਜਾ ਰਹੀ ਹੈ।

# ਮੁੰਬਈ ਬੰਦਰਗਾਹ ਉੱਤੇ ਮਿਲੀ ਹੈਰੋਇਨ ਦੀ ਮਾਤਰਾ 300 ਕਿੱਲੋ ਤਕ ਜਾ ਪਹੁੰਚੀ

*** ਗ੍ਰਿਫ਼ਤਾਰ ਪ੍ਰਭਜੀਤ ਸਿੰਘ ਤੋਂ ਪੁੱਛਗਿੱਛ ਲਈ ਪੰਜਾਬ ਪੁਲਸ ਮੁੰਬਈ ਜਾਵੇਗੀ**

ਤਰਨਤਾਰਨ, 5 ਜੁਲਾਈ (ਪੋਸਟ ਬਿਊਰੋ)- ਪਿਛਲੇ ਦਿਨੀਂ ਅਫ਼ਗਾਨਿਸਤਾਨ ਤੋਂ ਆਏ ਜਿਪਸਮ ਦੇ ਕੰਨਟੇਨਰ ਵਿੱਚੋਂ ਡੀ ਆਰ ਆਈ (ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ) ਵੱਲੋਂ ਬਰਾਮਦ ਕੀਤੀ ਹੈਰੋਇਨ ਖੇਪ ਦੀ ਮਾਤਰਾ ਦਿਨੋ-ਦਿਨ ਵਧਦੀ ਹੋਈ 300 ਕਿੱਲੋ ਨੂੰ ਪਹੁੰਚ ਗਈ ਹੈ, ਜਿਸ ਦੀ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਕੀਮਤ 1500 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਇਹ ਖੇਪ ਭਾਰਤ ਵਿੱਚਕਿਹੜੇਰਾਜਾਂ ਨੂੰ ਸਪਲਾਈ ਹੋਣੀ ਸੀ ਤੇ ਏਨੇ ਵੱਡੇ ਕਾਰੋਬਾਰ ਵਿੱਚ ਹੋਰ ਕੌਣ ਲੋਕ ਸ਼ਾਮਲ ਹਨ, ਇਸ ਦੀ ਜਾਂਚ ਲਈ ਪੰਜਾਬ ਪੁਲਸ ਦੀ ਟੀਮ ਮੁੰਬਈ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਡੀ ਆਰ ਆਈ ਨੇ ਚੋਹਲਾ ਸਾਹਿਬ ਦੇ ਪ੍ਰਭਜੀਤ ਸਿੰਘ ਨੂੰ ਅਫ਼ਗਾਨਿਸਤਾਨ ਤੋਂ ਆਈ ਭਾਰੀ ਮਾਤਰਾ ਵਿੱਚ ਹੈਰੋਇਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਬਾਅਦ ਹੈਰੋਇਨ ਦੀ ਬਰਾਮਦਗੀ ਜਵਾਹਰ ਲਾਲ ਨਹਿਰੂ ਪੋਰਟ ਮੁੰਬਈ ਵਿਖੇ ਹੋਈ ਹੈ ਅਤੇ ਦੱਸਿਆ ਜਾ ਰਿਹਾ ਹੈ ਕਿ ਇਹ ਹੈਰੋਇਨ ਦੀ ਖੇਪ ਅਫ਼ਗਾਨਿਸਤਾਨ ਤੋਂ ਇਰਾਨ ਦੇ ਰਸਤੇ ਜਿਪਸਮ ਤੇ ਟੈਲਕਮ ਪਾਊਡਰ ਵਿੱਚ ਲੁਕੋ ਕੇ ਲਿਆਂਦੀ ਗਈ ਸੀ। ਇਸ ਤੋਂ ਪਹਿਲਾਂ ਵੀ ਪਿੱਛਲੇ ਸਾਲ ਅਗਸਤ ਵਿੱਚ ਮੁੰਬਈ ਕਸਟਮ ਵਿਭਾਗ ਅਤੇ ਡੀ ਆਰ ਆਈ ਨੇ ਸਾਂਝੇ ਤੌਰ ਉੱਤੇ 191 ਕਿੱਲੋ ਹੈਰੋਇਨ ਬਰਾਮਦ ਕੀਤੀ ਸੀ, ਜੋ ਆਯੂਰਵੈਦਿਕ ਮੈਡੀਸਨ ਵਿੱਚ ਇੱਥੇ ਅਫ਼ਗਾਨਿਸਤਾਨ ਤੋਂ ਕੰਟੇਨਰ ਰਾਹੀਂ ਪਹੁੰਚੀ ਸੀ।

ਦੂਸਰੇ ਪਾਸੇ ਜ਼ਿਲ੍ਹਾ ਤਰਨ-ਤਾਰਨ ਦੇ ਪਿੰਡ ਚੋਹਲਾ ਸਾਹਿਬ ਦੇ ਵਸਨੀਕ ਪ੍ਰਭਜੀਤ ਸਿੰਘ ਦੀ ਡੀ ਆਰ ਆਈ ਵੱਲੋਂ ਗ੍ਰਿਫ਼ਤਾਰੀ ਪਿੱਛੋਂ ਪੰਜਾਬ ਪੁਲਸ ਅਤੇ ਹੋਰ ਵਿਭਾਗਾਂ ਨੇ ਆਪਣੇ ਪੱਧਰ ਉੱਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਪੰਜਾਬ ਪੁਲਸ ਦੇ ਕੁਝ ਸੀਨੀਅਰ ਅਧਿਕਾਰੀ ਐਸ ਟੀ ਐਫ, ਐਫ ਐਸ ਓ ਸੀ, ਐਸ ਐਸ ਓ ਸੈਲ ਅਤੇ ਨਾਰਕੋਟਿਕਸ ਕੰਟਰੋਲ ਵਿਭਾਗ ਦੇ ਅਧਿਕਾਰੀਪ੍ਰਭਜੀਤ ਸਿੰਘ ਤੋਂ ਪੁੱਛਗਿੱਛ ਲਈ ਮੁੰਬਈ ਜਾ ਰਹੇ ਹਨ।

# 20 ਘੰਟੇ ਮ੍ਰਿਤਕ ਬੱਚੇ ਦੇ ਨਾਲ ਪਈ ਰਹੀ ਮਾਂ

ਲੁਧਿਆਣਾ, 5 ਜੁਲਾਈ (ਪੋਸਟ ਬਿਊਰੋ)- ਸਿਵਲ ਹਸਪਤਾਲ ਲੁਧਿਆਣਾ ਵਿੱਚ ਫਿਰ ਵੱਡੀ ਲਾਪਰਵਾਹੀ ਵੇਖੀ ਗਈ, ਜਿੱਥੇ ਜੱਚਾ-ਬੱਚਾ ਹਸਪਤਾਲ ਦੇ ਲੇਬਰ ਰੂਮ ਤੋਂ ਸਟੇਅ ਪੋਸਟ ਡਿਲੀਵਰੀ ਵਾਰਡ ਵਿੱਚ ਜਗਰਾਓਂ ਵਾਸੀ ਗਰਭਵਤੀ ਰੇਖਾ ਕਰੀਬ ਵੀਹ ਘੰਟਿਆਂ ਤਕ ਆਪਣੇ ਮ੍ਰਿਤਕ ਬੱਚੇ ਦੇ ਨਾਲ ਪਈ ਰਹੀ।

ਅਸਲ ਵਿੱਚ ਰੇਖਾ ਨੂੰ ਸ਼ਨੀਵਾਰ ਦੁਪਹਿਰੇ ਕਰੀਬ ਦੋ ਵਜੇ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਸ਼ਾਮ ਪੰਜ ਵਜੇ ਆਮ ਜਣੇਪੇ ਦੌਰਾਨ ਔਰਤ ਨੇ ਮ੍ਰਿਤਕ ਪੁੱਤਰ ਨੂੰ ਜਨਮ ਦਿੱਤਾ। ਇਸ ਮਗਰੋਂ ਮਰਿਆ ਬੱਚਾ ਮਾਂ ਦੇ ਨਾਲ ਰੱਖ ਦਿੱਤਾ ਗਿਆ। ਜਿਹੜੇ ਵਾਰਡ ਵਿੱਚ ਔਰਤ ਆਪਣੇ ਮਰੇ ਬੱਚੇ ਦੀ ਲਾਸ਼ ਨਾਲ ਬੈਡ ਉੱਤੇ ਸੀ, ਉਥੇ ਅੱਠ ਹੋਰ ਔਰਤਾਂ ਨਵੇਂ ਜੰਮੇ ਬੱਚਿਆਂ ਨਾਲ ਦਾਖਲ ਸਨ। ਇਸ ਲਾਪਰਵਾਹੀ ਕਾਰਨ ਹੋਰਨਾਂ ਔਰਤਾਂ ਤੇ ਬੱਚਿਆਂ ਨੂੰ ਵੀ ਬਿਮਾਰੀ ਲੱਗ ਸਕਦੀ ਸੀ। ਕੱਲ੍ਹ ਦੁਪਹਿਰੇ ਜਦੋਂ ਲਾਪਰਵਾਹੀ ਬਾਰੇ ਖਬਰ ਫੈਲੀ ਤਾਂ ਲੇਬਰ ਰੂਮ ਦੇ ਸਟਾਫ ਨੇ ਹਸਪਤਾਲ ਦੇ ਉਚ ਅਧਿਕਾਰੀਆਂ ਨੂੰ ਦੱਸ ਕੇ ਬੱਚੇ ਦੀ ਲਾਸ਼ ਮੁਰਦਾ-ਘਰ ਵਿੱਚ ਰਖਵਾਈ। ਲੇਬਰ ਰੂਮ ਵਿੱਚ ਡਿਊਟੀ ਕਰਦੇ ਸਟਾਫ ਦਾ ਕਹਿਣਾ ਸੀ ਕਿ ਮ੍ਰਿਤਕ ਬੱਚੇ ਦੇ ਜਨਮ ਮਗਰੋਂ ਔਰਤ ਦਾ ਪਤੀ ਗਾਇਬ ਹੋ ਗਿਆ ਸੀ। ਸਟਾਫ ਨੇ ਸ਼ਨੀਵਾਰ ਰੇਖਾ ਦੇ ਪਤੀ ਕਾਰਤਿਕ ਨੂੰ ਫੋਨ ਕੀਤੇ, ਪਰ ਉਹ ਨਹੀਂ ਪੁੱਜਾ। ਨਿਯਮ ਹਨ ਕਿ ਬੱਚਾ ਪਰਵਾਰ ਨੂੰ ਸੌਂਪਣਾ ਹੁੰਦਾ ਤੇ ਸਪੁਰਦਗੀ ਦੀ ਸਲਿਪ ਦੇਣੀ ਹੁੰਦੀ ਹੈ। ਜਦੋਂ ਘਰ ਦੇ ਜੀਅ ਨਹੀਂ ਸਨ ਤਾਂ ਬੱਚਾ ਕਿਸ ਨੂੰ ਸੌਂਪਦੇ।

# ਐਕਸਪੋਰਟ ਫੈਕਟਰੀ ਵਿੱਚੋਂ 570 ਪੇਟੀਆਂ ਨਕਲੀ ਸ਼ਰਾਬ ਬਰਾਮਦ, ਮਾਲਕ ਗ੍ਰਿਫਤਾਰ



ਲੁਧਿਆਣਾ, 5 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਜੀ ਟੀ ਰੋਡ ਜੁਗਿਆਨਾ ਵਿੱਚ ਜੈਮਕੋ ਐਕਸਪੋਰਟ ਨਾਂਅ ਦੀ ਕੰਪਨੀ ਵਿੱਚ ਐਕਸਾਈਜ਼ ਅਤੇ ਪੁਲਸ ਵਿਭਾਗ ਨੇ ਰੇਡ ਕੀਤੀ ਤਾਂ 570 ਪੇਟੀਆਂ ਸ਼ਰਾਬ ਮਿਲੀਆਂ, ਜਿਨ੍ਹਾਂ ਉੱਤੇ ਕੋਈ ਵੀ ਹੋਲੋਗਰਾਮ ਨਹੀਂ ਸੀ। ਕਿਹਾ ਜਾ ਰਿਹਾ ਹੈ ਕਿ ਇਸ ਨਕਲੀ ਸ਼ਰਾਬ ਨੂੰ ਵੇਚਣ ਲਈਫੈਕਟਰੀ ਨੂੰ ਵਰਿਆ ਜਾਂਦਾ ਸੀ। ਪੁਲਸ ਨੇ ਬਸੰਤ ਐਵੇਨਿਊ ਦੇ ਵਸਨੀਕ ਫੈਕਟਰੀ ਮਾਲਕ ਹਰਮੋਹਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਹਰਮੋਹਨ ਸਿੰਘ ਦੋ ਹੋਰ ਦੋਸ਼ੀਆਂ ਜਗਵੰਤ ਸਿੰਘ ਉਰਫ ਜੱਗਾ ਤੇ ਸੰਜੂ ਦੇ ਨਾਲ ਮਿਲ ਕੇ ਇਹ ਧੰਦਾ ਕਰ ਰਿਹਾ ਸੀ। ਇਹ ਸ਼ਰਾਬ ਕਿੱਥੇ ਬਣਾਈ ਜਾ ਰਹੀ ਹੈ, ਇਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਥਾਣਾ ਸਾਹਨੇਵਾਲ ਵਿੱਚ ਤਿੰਨਾਂ ਦੋਸ਼ੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਐਕਸਾਈਜ਼ ਅਤੇ ਪੁਲਸ ਵਿਭਾਗ ਨੇ ਜੁਆਇੰਟ ਆਪਰੇਸ਼ਨ ਦੌਰਾਨ ਸੂਚਨਾ ਦੇ ਆਧਾਰ ਉੱਤੇ ਰੇਡ ਕੀਤੀ। ਪੁਲਸ ਦਾ ਕਹਿਣਾ ਹੈ ਕਿ ਰੇਡ ਤੋਂ ਕੁਝ ਸਮਾਂ ਪਹਿਲਾਂ ਦੋਸ਼ੀ ਜਗਵੰਤ ਸਿੰਘ ਉਰਫ ਜੱਗਾ ਅਤੇ ਸੰਜੂ ਉਥੋਂ ਨਿਕਲੇ ਸਨ। ਯਸ਼ਪਾਲ ਸ਼ਰਮਾ, ਇੰਚਾਰਜ, ਸੀ ਆਈ ਏ-3, ਲੁਧਿਆਣਾ ਦਾ ਕਹਿਣਾ ਹੈ ਕਿ ਪੁਲਸ ਨੇ ਫੈਕਟਰੀ ਮਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ। ਉਹ ਇਸ ਧੰਦੇ ਵਿੱਚ ਸ਼ਾਮਲ ਹੈ। ਉਸ ਦੇ ਦੂਸਰੇ ਸਾਥੀਆਂ ਦੀ ਤਲਾਸ਼ ਵਿੱਚ ਵੀ ਛਾਪੇਮਾਰੀ ਜਾਰੀ ਹੈ। ਜਲਦੀ ਹੀ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਏਗਾ।

## ਔਰਤ 'ਤੇ ਹਮਲੇ ਦੇ ਦੋਸ਼ਾਂ ਵਿੱਚ ਫਸੇ ਮੋਨੂੰ ਵੱਲੋਂ ਖ਼ੁਦਕੁਸ਼ੀ

ਕਰਤਾਰਪੁਰ, 5 ਜੁਲਾਈ (ਪੋਸਟ ਬਿਊਰੋ)- ਪਿੱਛਲੇ ਦਿਨੀਂ ਇੱਕ ਔਰਤ ਉੱਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਵਿੱਚ ਫਸੇ ਹੋਏ ਮੋਨੂੰ ਪੁੱਤਰ ਮੇਲਾ ਰਾਮ ਵਾਸੀ ਰਿਸ਼ੀ ਨਗਰ ਕਰਤਾਰਪੁਰ ਨੇਕੱਲ੍ਹ ਰਾਤ ਖ਼ੁਦਕੁਸ਼ੀ ਕਰ ਲਈ ਹੈ। ਇਸ ਸਬੰਧ ਵਿੱਚ ਲੱਕੀ ਅਟਵਾਲ ਪੁੱਤਰ ਬਿਹਾਰੀ ਲਾਲ ਨੇ ਦੱਸਿਆ ਕਿ ਮੋਨੂੰ ਉਸ ਦਿਨ ਤੋਂ ਘਰੋਂ ਗਾਇਬ ਸੀ। ਕੱਲ੍ਹ ਕਿਸੇ ਨੇ ਦੱਸਿਆ ਕਿ ਮੱਲ੍ਹੀਆਂ ਰੋਡ ਕਰਤਾਰਪੁਰ ਵਿਖੇ ਇੱਕ ਬੇਆਬਾਦ ਜਗ੍ਹਾ ਉਤੇ ਮੋਟਰ ਉਪਰ ਕਿਸੇ ਦੀ ਲਾਸ਼ ਪਈ ਹੈ। ਜਦੋਂ ਜਾ ਕੇ ਦੇਖਿਆ ਤਾਂ ਲਾਸ਼ ਦੀ ਹਾਲਤ ਬੜੀ ਖ਼ਰਾਬ ਸੀ। ਉਸ ਦੇ ਕੱਪੜਿਆਂ ਤੋਂ ਉਸ ਦੀ ਪਛਾਣ ਮੋਨੂੰ ਪੁੱਤਰ ਮੇਲਾ ਰਾਮ ਵਾਸੀ ਰਿਸ਼ੀ ਨਗਰ ਕਰਤਾਰਪੁਰ ਵਜੋਂ ਹੋਈ ਹੈ। ਉਸਦੀ ਜੇਬ ਵਿੱਚੋਂ ਇੱਕ ਖ਼ੁਦਕੁਸ਼ੀ ਨੋਟ ਵੀ ਮਿਲਿਆ ਹੈ, ਜਿਸ ਦੇ ਆਧਾਰ ਉੱਤੇ ਪੁਲਸ ਨੇ ਤਿੰਨ ਜਣਿਆਂ ਤਨੂ, ਕਾਲਾ ਤੇ ਪ੍ਰਕਾਸ਼ ਉਤੇਕੇਸ ਦਰਜ ਕਰ ਲਿਆ ਹੈ। ਡੀ ਐਸ ਪੀ ਸੁਖਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਸਾਲੇ ਜਸਵਿੰਦਰ ਦੇ ਬਿਆਨਾਂ ਉਤੇਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਗਈ ਅਤੇ ਦੋਸ਼ੀਆਂ ਨੂੰ ਫੜਨ ਲਈ ਪੁਲਸ ਛਾਪੇਮਾਰ ਰਹੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁਫਤ ਸਲਾਹ • ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

# ਭਾਰਤ ਵਿੱਚ 50 ਸਾਲਾਂ ਵਿੱਚ ਲੂ ਨਾਲ 17 ਹਜ਼ਾਰ ਤੋਂ ਵੱਧ ਲੋਕ ਮਰੇ

ਨਵੀਂ ਦਿੱਲੀ, 5 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਲੂ ਨਾਲ 50 ਸਾਲਾਂ ਵਿੱਚ 17 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਗਈ ਹੈ। ਇਹ ਦਾਅਵਾ ਪਿੱਛੇ ਜਿਹੇ ਦੇਸ਼ ਦੇ ਚੋਟੀ ਦੇ ਮੌਸਮ ਵਿਗਿਆਨੀਆਂ ਵੱਲੋਂਛਾਪੇ ਖੋਜ ਪੱਤਰ ਵਿੱਚ ਕੀਤਾ ਗਿਆ ਹੈ, ਜਿਸ ਮੁਤਾਬਕ 1971-2019 ਦੌਰਾਨ ਦੇਸ਼ ਵਿੱਚ 706 ਵਾਰ ਲੂ ਦੀਆਂ ਘਟਨਾਵਾਂ ਵਾਪਰੀਆਂ।



ਇਹ ਖੋਜ ਪੱਤਰ ਧਰਤੀ ਵਿਗਿਆਨ ਮੰਤਰਾਲੇ ਦੇ ਸੈਕਟਰੀ ਐਮ ਰਾਜੀਵਨ ਨੇ ਵਿਗਿਆਨੀਆਂ ਕਮਲਜੀਤ ਰੇਅ, ਐਸ ਐਸ ਰੇਅ, ਆਰ ਕੇ ਗਿਰੀ ਅਤੇ ਏ ਪੀ ਡਿਮਰੀ ਨਾਲ ਮਿਲ ਕੇ ਇਸ ਸਾਲ ਦੇ ਸ਼ੁਰੂ ਵਿੱਚ ਲਿਖਿਆ ਸੀ। ਕਮਲਜੀਤ ਰੇਅ ਪੱਤਰ ਦੀ ਮੁੱਖ ਲੇਖਕਾ ਹੈ। ਲੂ ਇੱਕ ਤਰ੍ਹਾਂ ਖ਼ਾਲ ਮੌਸਮੀ ਘਟਨਾਵਾਂ (ਈ ਡਬਲਿਊ ਈ) ਕਾਰਨ ਹੁੰਦੀਆਂ ਹਨ। 50 ਸਾਲਾਂ (1971-2019) ਵਿੱਚ ਈ ਡਬਲਿਊ ਈ ਨਾਲ 1,41,308 ਲੋਕ ਮਾਰੇ ਗਏ। ਅਧਿਅਨਦੇ ਮੁਤਾਬਕ ਇਨ੍ਹਾਂ ਵਿੱਚੋਂ 17362 ਲੋਕ ਸਿਰਫ਼ ਲੂ ਕਾਰਨ ਮਾਰੇ ਗਏ, ਜੋ ਕੁੱਲ ਦਰਜ ਮੌਤਾਂ ਦੇ 12 ਫ਼ੀਸਦੀ ਤੋਂ ਥੋੜ੍ਹਾ ਵੱਧ ਹੈ। ਉਨ੍ਹਾਂ ਕਿਹਾ ਕਿ ਲੂ ਨਾਲ ਸਭ ਤੋਂ ਵੱਧ ਮੌਤਾਂ ਆਂਧਰਾ ਪ੍ਰਦੇਸ਼, ਤੇਲੰਗਾਨਾ ਤੇ ਓਡੀਸ਼ਾ ਵਿੱਚ ਹੋਈਆਂ। ਪੰਜਾਬ, ਹਿਮਾਚਲ ਪ੍ਰਦੇਸ਼, ਉਤਰਾਖੰਡ, ਦਿੱਲੀ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ, ਛੱਤੀਸਗੜ੍ਹ, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਓਡੀਸ਼ਾ, ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਉਨ੍ਹਾਂ ਰਾਜਾਂ ਵਿੱਚ ਸ਼ਾਮਲ ਹਨ, ਜਿੱਥੇ ਭਿਅੰਕਰ ਲੂ ਦੇ ਸਭ ਤੋਂ ਵੱਧ ਕੇਸ ਹੁੰਦੇ ਹਨ। ਇਹ ਅਧਿਐਨ ਉਤਰੀ ਗੋਲਾਕਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿੱਛੇ ਜਿਹੇ ਚੱਲੀ ਲੂ ਦੇ ਪਿਛੋਕੜ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਉਤਰੀ ਅਮਰੀਕਾ ਵਿੱਚ ਕੈਨੇਡਾ ਤੇ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਭਿਆਨਕ ਗਰਮੀ ਦਾ ਕਹਿਰ ਵਾਪਰ ਰਿਹਾ ਹੈ, ਜਿਸ ਵਿੱਚ ਕਈ ਲੋਕਾਂ ਦੀ ਮੌਤ ਹੋਈ ਹੈ।

# ਕੇਜਰੀਵਾਲ ਨੇ ਇਸ ਸਾਲ ਦਾ ਭਾਰਤ ਰਤਨ ਡਾਕਟਰਾਂ ਨੂੰ ਦੇਣ ਦੀ ਮੰਗ ਚੁੱਕੀ

ਨਵੀਂ ਦਿੱਲੀ, 5 ਜੁਲਾਈ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਸਾਲ ਭਾਰਤ ਦਾ ਸਰਬ ਉਚ ਨਾਗਰਿਕ ਐਵਾਰਡ ਭਾਰਤ ਰਤਨ ਉਨ੍ਹਾਂ ਸਾਰੇ ਡਾਕਟਰਾਂ, ਨਰਸਾਂ ਤੇ ਪੈਰਾ ਮੈਡੀਕਲ ਸਟਾਫ ਨੂੰ ਦਿੱਤਾ ਜਾਵੇ, ਜਿਨ੍ਹਾਂ ਨੇ ਮਹਾਮਾਰੀ ਦੌਰਾਨ ਲੋਕਾਂ ਦੀ ਸੇਵਾ ਕੀਤੀ ਹੈ। ਉਹ ਕੱਲ੍ਹਏਥੇ 'ਸਟੈਪ ਵਨ' ਸੰਸਥਾ ਵੱਲੋਂ 'ਡਾਕਟਰ ਦਿਵਸ' ਸਬੰਧੀ ਕਰਵਾਏ ਗਏ ਇੱਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ।



ਇਸ ਦੌਰਾਨ ਮੁੱਖ ਮੰਤਰੀ ਕੇਜਰੀਵਾਲ ਨੇ ਅਪੀਲ ਕੀਤੀ ਹੈ ਕਿ ਇਸ ਸਾਲ 'ਭਾਰਤ ਰਤਨ'ਐਵਾਰਡ 'ਭਾਰਤੀ ਡਾਕਟਰ' ਨੂੰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤੀ ਡਾਕਟਰ ਦਾ ਅਰਥ ਹੈ ਕਿ ਸਾਰੇ ਡਾਕਟਰ, ਨਰਸਾਂ ਤੇ ਪੈਰਾ ਮੈਡੀਕਲ ਸਟਾਫ। ਇਹੀ ਸ਼ਹੀਦ ਡਾਕਟਰਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਹੋਰ ਵੀ ਜਿਹੜੇ ਆਪਣੀ ਜ਼ਿੰਦਗੀ ਤੇ ਪਰਵਾਰਾਂ ਦੀ ਚਿੰਤਾ ਕੀਤੇ ਬਿਨਾਂ ਦੇਸ਼ ਤੇ ਲੋਕਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਵੀ ਸਨਮਾਨ ਮਿਲੇਗਾ। ਕੋਰੋਨਾ ਦੌਰਾਨ ਸ਼ਹੀਦ ਹੋਏ ਡਾਕਟਰਾਂ ਅਤੇ ਹੋਰ ਫਰੰਟ ਲਾਈਨ ਵਰਕਰਾਂ ਨੂੰ ਸਾਰੇ ਦੇਸ਼ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਨੇ ਇਸ ਦੌਰਾਨ ਸ਼ਹੀਦ ਹੋਏ ਡਾਕਟਰਾਂ ਜਾਂ ਫਰੰਟ ਲਾਈਨ ਵਰਕਰਾਂ ਦੇ ਪਰਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਮੁਆਵਜ਼ਾ ਦਿੱਤਾ ਹੈ। ਉਨ੍ਹਾਂ ਕਿਹਾ, ''ਇਹ ਮੁਆਵਜ਼ਾ ਨਹੀਂ ਹੈ, ਪਰ ਇਹ ਕਹਿਣ ਦਾ ਇੱਕ ਤਰੀਕਾ ਹੈ ਕਿ ਅਸੀਂ ਤੁਹਾਡੇ ਧੰਨਵਾਦੀ ਹਾਂ।'' ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ 200 ਤੋਂ ਵੱਧ ਡਾਕਟਰਾਂ ਅਤੇ ਵਾਲੰਟੀਅਰਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਇਸ 'ਡਾਕਟਰ ਦਿਵਸ' ਸਮਾਰੋਹ ਵਿੱਚ ਹਿੱਸਾ ਲਿਆ। ਕੇਜਰੀਵਾਲ ਨੇ ਸਭ ਤੋਂ ਪਹਿਲਾਂ 'ਡਾਕਟਰ ਦਿਵਸ' ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸੱਦਣ ਲਈ 'ਸਟੈਪ ਵਨ' ਸੰਸਥਾ ਦਾ ਧੰਨਵਾਦ ਕੀਤਾ।

# ਲਕਸ਼ਦੀਪ ਵਿੱਚ ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਲਈ 'ਨੋ ਐਂਟਰੀ'

ਕਵਰੱਤੀ, 5 ਜੁਲਾਈ (ਪੋਸਟ ਬਿਊਰੋ)- ਲਕਸ਼ਦੀਪ ਪ੍ਰਸ਼ਾਸਨ ਨੇ ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਅਤੇ ਹੋਰਨਾਂ ਆਗੂਆਂ ਨੂੰ ਲਕਸ਼ਦੀਪ ਵਿਖੇ ਆਉਣ ਦੀ ਆਗਿਆ ਦੇਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਹੈ ਕਿ ਉਨ੍ਹਾਂ ਦੀ ਇਸ ਯਾਤਰਾ ਨਾਲ ਇਸ ਕੇਂਦਰੀ ਸ਼ਾਸਤ ਪ੍ਰਦੇਸ਼ ਦਾ ਸ਼ਾਂਤਮਈ ਮਾਹੌਲ ਖ਼ਰਾਬ ਹੋ ਸਕਦਾ ਹੈ।

ਵਰਣਨ ਯੋਗ ਹੈ ਕਿ ਲਕਸ਼ਦੀਪ ਟਾਪੂਆਂ ਵਿੱਚ ਲਕਸ਼ਦੀਪ ਵਿਕਾਸ ਅਥਾਰਟੀ ਦੇ ਖਰੜੇ ਨੂੰ ਵਾਪਸ ਲੈਣ ਦੀ ਮੰਗ ਲਈ ਵਿਖਾਵੇ ਕੀਤੇ ਜਾ ਰਹੇ ਹਨ। ਕਾਂਗਰਸ ਪਾਰਟੀ ਨੇ ਕਿਹਾ ਹੈ ਕਿ ਜੇ ਉਸ ਦੇ ਆਗੂਆਂ ਨੂੰ ਲਕਸ਼ਦੀਪ ਵਿੱਚ ਦਾਖ਼ਲ ਨਾ ਹੋਣ ਦਿੱਤਾ ਤਾਂ ਇਹ ਕੇਸ ਹਾਈ ਕੋਰਟ ਤਕ ਜਾਵੇਗਾ। ਪ੍ਰਸ਼ਾਸਨ ਨੇ ਕਿਹਾ ਹੈ ਕਿ ਅਜਿਹੀ ਸੰਭਾਵਨਾ ਹੈ ਕਿ ਕਾਂਗਰਸੀ ਆਗੂ ਲਕਸ਼ਦੀਪ ਆ ਕੇ ਬਹੁਤ ਸਾਰੇ ਲੋਕਾਂ ਨੂੰ ਮਿਲਣਗੇ, ਜਿਸ ਨਾਲ ਇਸ ਟਾਪੂ ਵਿੱਚ ਕੋਵਿਡ ਦੀ ਬੀਮਾਰੀ ਹੋਰ ਵੀ ਫੈਲ ਸਕਦੀ ਹੈ। ਐਡੀਸ਼ਨਲ ਜ਼ਿਲ੍ਹਾ ਮੈਜਿਸਟਰੇਟ ਐਸ ਅਗਸਰ ਅਲੀ ਨੇ ਆਪਣੇ ਹੁਕਮ ਵਿੱਚ ਕਾਂਗਰਸੀ ਆਗੂਆਂ ਟੀ ਐਨ ਪ੍ਰਤਾਪਨ, ਹਿਬੀ ਇਡੇਨ ਅਤੇ ਆਲ ਇੰਡੀਆ ਫਿਸ਼ਰਮੈਨ ਕਾਂਗਰਸ ਦੇ ਕੌਮੀ ਕਾਨੂੰਨੀ ਸਲਾਹਕਾਰ ਨੂੰ ਟਾਪੂ ਵਿਖੇ ਆਉਣ ਦੀ ਆਗਿਆ ਨਾ ਦੇ ਕੇ ਕਿਹਾ ਕਿ ਉਨ੍ਹਾਂ ਦੇ ਦੌਰੇ ਦਾ ਕਾਰਨ ਸਿਆਸੀ ਲੱਗਦਾ ਹੈ। ਕਾਂਗਰਸ ਪਾਰਲੀਮੈਂਟ ਮੈਂਬਰ ਪ੍ਰਤਾਪਨ ਨੇ ਕਿਹਾ ਕਿ ਕੁਲੈਕਟਰ ਦਾ ਨੇ ਕਿਹਾ ਹੈ ਕਿ ਜੇ ਲਕਸ਼ਦੀਪ ਗਏ ਤਾਂ ਅਮਨ ਕਾਨੂੰਨ ਦੀ ਹਾਲਤ ਪੈਦਾ ਹੋ ਸਕਦੀ ਹੈ, ਅਸੀਂ ਪੁੱਛਦੇ ਹਾਂ ਕਿ ਇਹ ਹਾਲਤ ਕਿਵੇਂ ਬਣੇਗੀ? ਅਸੀਂ ਇੱਥੋਂ ਦੇ ਲੋਕਾਂ ਨੂੰ ਮਿਲਾਂਗੇ। ਲੋਕਾਂ ਦੇ ਮਿਲਣ ਨਾਲ ਕੀ ਅਮਨ ਕਾਨੂੰਨ ਦੀ ਹਾਲਤ ਵਿਗੜ ਜਾਵੇਗੀ? ਅਸੀਂ ਲਕਸ਼ਦੀਪ ਪ੍ਰਸ਼ਾਸਨ ਕੋਲ ਮੁੱਦਾ ਉਠਾ ਰਹੇ ਹਾਂ।

# ਦੋ ਦਿਨ ਤੋਂ ਖਾਣਾ ਨਾ ਖਾਣ ਕਾਰਨ ਮਾਂ-ਬੇਟੇ ਦੀ ਗੁੰਮਨਾਮ ਮੌਤ

ਜਮਨਾਨਗਰ, 5 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨੰਦਾ ਕਾਲੋਨੀ ਦੇ ਕਮਰੇ ਵਿੱਚ ਮਰੀ ਹੋਈ ਮਿਲੀ ਹਰਬੰਸ ਕੌਰ (90) ਅਤੇ ਉਸ ਦੇ ਪੁੱਤਰ ਰਾਜੂ (55) ਦੀ ਗੁੰਮਨਾਮ ਮੌਤ ਦਾ ਭੇਤ ਨਹੀਂ ਖੁੱਲ੍ਹ ਸਕਿਆ। ਇਹ ਦੋਵੇਂ ਦੋ ਕੁ ਸਾਲ ਪਹਿਲਾਂ ਅੰਮ੍ਰਿਤਸਰ ਤੋਂ ਆਏ ਸਨ। ਪੰਜ ਬੱਚਿਆਂ ਨੂੰ ਜਨਮ ਦੇਣ ਵਾਲੀ ਹਰਬੰਸ ਕੌਰ ਜ਼ਿੰਦਗੀ ਦੇ ਆਖਰੀ ਪੜਾਅ ਵਿੱਚ ਦਿਮਾਗੀ ਤੌਰ ਤੋਂ ਕਮਜ਼ੋਰ ਬੇਟੇ ਦੇ ਨਾਲ ਸੜਕਾਂ ਉੱਤੇ ਘੁੰਮਣ ਲਈ ਮਜਬੂਰ ਸੀ। ਉਹ ਦੀ ਬੇਟੀ ਰੇਲਵੇ ਦੇ ਸਰਕਾਰੀ ਕੁਆਰਟਰ ਵਿੱਚ ਰਹਿੰਦੀ ਸੀ, ਪ੍ਰੰਤੂ ਉਹ ਵੀ ਸੜਕਾਂ ਉੱਤੇ ਘੁੰਮ ਕੇ ਮੰਗ ਕੇ ਰੋਟੀ ਖਾ ਰਹੀ ਰਹੀਮਾਂ ਅਤੇ ਭਰਾ ਨੂੰ ਨਹੀਂ ਦੇਖ ਸਕੀ। ਸਸਕਾਰ ਵਿੱਚ ਬੇਟੀ ਕੁਝ ਦੇਰ ਲਈ ਆਈ, ਪਰ ਸਸਕਾਰ ਦੀਆਂ ਰਸਮਾਂ ਗੈਰਾਂ ਨੇ ਨਿਭਾਈਆਂ।

ਹਰਬੰਸ ਕੌਰ ਦੇ ਦੋ ਬੇਟੇ ਅਤੇ ਇੱਕ ਬੇਟੀ ਦੀ ਪਹਿਲਾਂ ਮੌਤ ਹੋ ਚੁੱਕੀ ਅਤੇ ਇੱਕ ਬੇਟੇ ਦੀ ਕੱਲ੍ਹਮੌਤ ਹੋਈ ਹੈ। ਉਸ ਦੇ ਸਮੇਤ ਕਈ ਰਿਸ਼ਤੇਦਾਰ ਹਨ, ਪਰ ਸਸਕਾਰ ਵਿੱਚ ਕੋਈ ਨਹੀਂ ਪਹੁੰਚਿਆ। ਮੌਤ ਕਿਵੇਂ ਹੋਈ ਇਹ ਸਪਸ਼ਟ ਨਹੀਂ ਹੋ ਸਕਿਆ। ਮੌਤ ਦੀ ਵਜ੍ਹਾ ਪਤਾ ਲਗਾਉਣ ਦੇ ਲਈ ਮਾਂ-ਪੁੱਤ ਦਾ ਵਿਸਰਾ ਲੈਬ ਵਿੱਚ ਭੇਜਿਆ ਗਿਆ ਹੈ। ਪਤਾ ਲੱਗਾ ਹੈ ਕਿ ਦੋਵਾਂ ਨੇ ਦੋ ਦਿਨ ਤੋਂ ਖਾਣਾ ਨਹੀਂ ਖਾਧਾ ਸੀ। ਗਰਮੀ ਹੋਣ ਅਤੇ ਖਾਣਾ ਨਾ ਖਾਣ ਕਾਰਨ ਵੀ ਮੌਤ ਹੋ ਸਕਦੀ ਹੈ।

ਦੋਵਾਂ ਦੀ ਮੌਤ ਦੇ ਬਾਅਦ ਪਤਾ ਲੱਗਾ ਕਿ ਇਹ ਦੋਵੇਂ ਅੰਮ੍ਰਿਤਸਰ ਦੇ ਛੇਹਰਟਾ ਕਸਬੇ ਦੇ ਵਾਸੀ ਸਨ। ਹਰਬੰਸ ਕੌਰ ਦੇ ਘਰ ਤਿੰਨ ਬੇਟੇ ਤੇ ਦੋ ਬੇਟੀਆਂ ਹੋਈਆਂ ਸਨ। ਇੱਕ ਬੇਟੀ ਜਗਾਧਰੀ ਵਰਕਸ਼ਾਪ ਰੇਲਵੇ ਕਾਲੋਨੀ ਵਿੱਚ ਰਹਿੰਦੀ ਹੈ। ਉਸ ਦਾ ਪਤੀ ਰੇਲਵੇ ਵਿੱਚ ਹੈ। ਦੋ ਸਾਲ ਪਹਿਲਾਂ ਹਰਬੰਸ ਕੌਰ ਤੇ ਉਸ ਦਾ ਬੇਟਾ ਅੰਮ੍ਰਿਤਸਰ ਤੋਂ ਜਗਾਧਰੀ ਆਏ ਸਨ, ਪਰ ਬੇਟੀ ਦੇ ਸਹੁਰਿਆਂ ਵਿੱਚ ਜ਼ਿਆਦਾ ਦਿਨ ਨਹੀਂ ਰਹਿ ਸਕੇ। ਫਿਰ ਦੋਵੇਂ ਸੜਕਾਂ ਤੇ ਘੁੰਮਦੇ ਸਨ। ਦੱਸਿਆ ਜਾਂਦਾ ਹੈ ਕਿ ਬੇਟੀ ਦਾ ਪਤੀ ਘਰ ਰੱਖਣ ਨੂੰ ਤਿਆਰ ਨਹੀਂ ਸੀ, ਇਸ ਲਈ ਉਹ ਸੜਕਾਂ ਉੱਤੇ ਘੁੰਮਦੇ ਸਨ।

# ਆਈ ਪੀ ਐਸ ਅਧਿਕਾਰੀ ਨਾਲ ਠੱਗੀ ਕਰਨ ਵਾਲੇ ਦੋ ਗ੍ਰਿਫਤਾਰ

ਜੈਪੁਰ, 5 ਜੁਲਾਈ (ਪੋਸਟ ਬਿਊਰੋ)- ਸਾਈਬਰ ਠੱਗਾਂ ਨੇ ਭਾਰਤੀ ਪੁਲਸ ਸੇਵਾ (ਆਈ ਪੀ ਐਸ) ਦੇ ਇੱਕ ਅਧਿਕਾਰੀ ਨਾਲ 99 ਹਜ਼ਾਰ ਰੁਪਏ ਦੀ ਠੱਗੀ ਕੀਤੀ ਹੈ। ਆਈ ਪੀ ਐਸ ਅਫਸਰ ਦੇ ਪਿਤਾ ਦੀ ਸ਼ਿਕਾਇਤ ਉਤੇ ਰਾਜਸਥਾਨ ਪੁਲਸ ਨੇ ਇਸ ਕੇਸ ਵਿੱਚ ਝਾਰਖੰਡ ਦੇ ਜਾਮਤਾੜਾ ਤੋਂ ਦੋ ਜਣਿਆਂ ਨੂੰ ਕਾਬੂ ਕੀਤਾ ਹੈ। ਮੁੱਖ ਮੁਲਜ਼ਮ ਹਾਲੇ ਫਰਾਰ ਹੈ ਜਿਸ ਦੀ ਗ੍ਰਿਫਤਾਰੀ ਲਈ ਪੁਲਸ ਛਾਪੇ ਮਾਰ ਰਹੀ ਹੈ। ਝਾਰਖੰਡ ਪੁਲਸ ਦਾ ਇਸ ਵਿੱਚ ਸਹਿਯੋਗ ਲਿਆ ਜਾ ਰਿਹਾ ਹੈ।

ਜੈਪੁਰ ਦੇ ਹਰਿਆਣਾ ਕੇਡਰ ਦੇ ਆਈ ਪੀ ਐਸ ਅਧਿਕਾਰੀ ਹਿਮਾਂਸ਼ੂ ਗਰਗ ਨੇ ਪਿਛਲੇ ਮਹੀਨੇ ਮੁਕਤਾਨੰਦ ਨਗਰ ਵਿੱਚ ਰਹਿ ਰਹੇ ਆਪਣੇ ਪਿਤਾ ਨੂੰ ਪਾਰਸਲ ਕੋਰੀਅਰ ਰਾਹੀਂ ਭੇਜਿਆ ਸੀ। ਜਦੋਂ ਪਾਰਸਲ ਨਾ ਮਿਲਿਆ ਤਾਂ ਹਿਮਾਂਸ਼ੂ ਦੇ ਭਰਾ ਨਿਮੇਸ਼ ਗਰਗ ਨੇ ਗੂਗਲ ਉੱਤੇ ਕੋਰੀਅਰ ਕੰਪਨੀ ਬਾਰੇ ਸਰਚ ਕੀਤਾ। ਪਤਾ ਲੱਗਾ ਕਿ ਸਾਈਬਰ ਠੱਗਾਂ ਨੇ ਇੰਟਰਨੈਟ ਉੱਤੇ ਕੋਰੀਅਰ ਕੰਪਨੀ ਨਾਲ ਮਿਲਦੀ-ਜੁਲਦੀ ਨਕਲੀ ਵੈਬਸਾਈਟ ਬਣਾ ਰੱਖੀ ਸੀ। ਉਨ੍ਹਾਂ ਨਿਮੇਸ਼ ਤੋਂ ਨਕਦੀ ਆਨਲਾਈਨ ਮੰਗੀ। ਆਈ ਪੀ ਐਸ ਅਧਿਕਾਰੀ ਹਿਮਾਂਸ਼ੂ ਗਰਗ ਦੇ ਖਾਤੇ ਵਿੱਚੋਂ ਆਨਲਾਈਨ ਇਹ ਪੈਸੇ ਮਿਲ ਗਏ ਤਾਂ ਉਨ੍ਹਾਂ ਸਾਈਬਰ ਠੱਗੀ ਕਰਦੇ ਹੋਏ ਲਿੰਕ ਭੇਜ ਕੇ ਖਾਤੇ ਵਿੱਚੋਂ 99 ਹਜ਼ਾਰ ਰੁਪਏ ਕਢਵਾ ਲਏ।ਇਸ ਦੀ ਰਿਪੋਰਟ ਉਨ੍ਹਾਂ ਦੇ ਪਿਤਾ ਨੇ ਈ-ਮੇਲ ਰਾਹੀਂ ਜੈਪੁਰ ਪੁਲਸ ਕਮਿਸ਼ਨਰੇਟ ਦੀ ਸਾਈਬਰ ਸੈਲ ਵਿੱਚ ਦਰਜ ਕਰਵਾਈ ਤਾਂ ਪੁਲਸ ਨੇ ਜਾਂਚ ਸ਼ੁਰੂ ਕੀਤੀ। ਇੱਕ ਤੋਂ ਇੱਕ ਲਿੰਕ ਮਿਲਾਉਂਦੇ ਹੋਏ ਪੁਲਸ ਝਾਰਖੰਡ ਦੇ ਜਾਮਤਾੜਾ ਪਹੁੰਚ ਗਈ। ਸੂਚਨਾ ਦੇ ਆਧਾਰ ਉੱਤੇ ਪੁਲਸ ਨੇ ਕਲੀਮ ਅੰਸਾਰੀ ਦੇ ਘਰ ਛਾਪਾ ਮਾਰਿਆ, ਪਰ ਉਹ ਭੱਜ ਗਿਆ। ਉਹ ਇਸ ਵਾਰਦਾਤ ਦਾ ਮੁੱਖ ਦੋਸ਼ੀ ਹੈ। ਛਾਣਬੀਣ ਤੋਂ ਬਾਅਦ ਪੁਲਸ ਨੇ ਉਸ ਦੇ ਸਾਥੀ ਵਿਕਾਸ ਮੰਡਲ ਉੱਤੇ ਸਮੀਰ ਪਕੜ ਵਿੱਚ ਆ ਗਏ। ਪੁਲਸ ਜਦੋਂ ਉਨ੍ਹਾਂ ਦੇ ਘਰ ਪਹੁੰਚੀ ਤਾਂ ਉਹ ਸਾਈਬਰ ਠੱਗੀ ਕਰਦੇ ਹੋਏ ਕਿਸੇ ਹੋਰ ਨੂੰ ਫਸਾਉਣ ਲੱਗੇ ਹੋਏ ਸਨ। ਪੁਲਸ ਨੂੰ ਦੇਖਦੇ ਹੀ ਉਨ੍ਹਾਂ ਮੋਬਾਈਲ ਫੋਨ ਪਾਣੀ ਦੇ ਟੈਂਕ ਵਿੱਚ ਸੁੱਟ ਦਿੱਤਾ। ਉਨ੍ਹਾਂ ਦੇ ਘਰ ਦੀ ਛਾਣਬੀਣ ਵਿੱਚ 14 ਸਿਮ ਕਾਰਡ ਤੇ ਅੱਠ ਏ ਟੀ ਐਮ ਕਾਰਡ ਮਿਲੇ ਹਨ।

# ਫੇਸਬੁੱਕ ਉੱਤੇ ਮਜ਼ਾਕ ਵਿੱਚ ਬਣਾਇਆ ਫਰਜ਼ੀ ਅਕਾਊਂਟ, ਤਿੰਨ ਲੋਕਾਂ ਨੂੰ ਜਾਨ ਗੁਆਉਣੀ ਪਈ

ਤਿਰੁਵਅਨੰਤਪੁਰਮ, 5 ਜੁਲਾਈ (ਪੋਸਟ ਬਿਊਰੋ)- ਫੇਸਬੁੱਕ ਉੱਤੇ ਫਰਜ਼ੀ ਅਕਾਊਂਟ ਅਤੇ ਰਿਸ਼ਤੇਦਾਰਾਂ ਵਿਚਾਲੇ ਇੱਕ ਖੌਫਨਾਕ ਮਜ਼ਾਕ ਨੇ ਤਿੰਨ ਵਿਅਕਤੀਆਂ ਦੀ ਜਾਨ ਲੈ ਲਈ ਹੈ।



ਕੇਰਲ ਦੇ ਕੋਲੱਮ ਜ਼ਿਲ੍ਹੇ ਵਿੱਚ ਇਸ ਸਾਲ ਜਨਵਰੀ ਵਿੱਚ ਜਨਮ ਤੋਂ ਕੁਝ ਘੰਟੇ ਬਾਅਦ ਇੱਕ ਨਵ-ਜੰਮਿਆ ਬੱਚਾ ਸੁਕੇ ਪੱਤਿਆਂ ਦੇ ਢੇਰ ਵਿੱਚੋਂ ਮਿਲਿਆ, ਜਿਸ ਨੇ ਬਾਅਦ ਵਿੱਚ ਹਸਪਤਾਲ ਵਿੱਚ ਦਮ ਤੋੜ ਦਿੱਤਾ। ਪੁਲਸ ਦੀ ਜਾਂਚ ਦੌਰਾਨ ਖੁਲਾਸਾ ਹੋਇਆ ਕਿ ਕੋਲੱਮ ਦੇ ਕੱਲੁਵਥੁੱਕਲ ਪਿੰਡ ਦੀ ਰੇਸ਼ਮਾ ਉਸ ਨਵ-ਜੰਮੇ ਬੱਚੀ ਦੀ ਮਾਂ ਹੈ। ਉਸ ਨੂੰ ਪਿਛਲੇ ਮਹੀਨੇ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਉਸ ਨੇ ਪੁੱਛ-ਗਿੱਛ ਦੌਰਾਨ ਦੱਸਿਆ ਕਿ ਫੇਸਬੁੱਕ ਉੱਤੇ ਉਸ ਦੀ ਦੋਸਤੀ ਆਨੰਦੂ ਨਾਮੀਂ ਵਿਅਕਤੀ ਨਾਲ ਹੋਈ ਸੀ। ਉਸ ਨਾਲ ਰਹਿਣ ਲਈ ਉਸ ਨੇ ਆਪਣੇ ਬੱਚੇ ਨੂੰ ਮਰਨ ਲਈ ਛੱਡ ਦਿੱਤਾ ਸੀ ਪਰ ਅਨੰਦੂ ਨੂੰ ਉਹ ਕਦੇ ਨਹੀਂ ਮਿਲੀ। ਰੇਸ਼ਮਾ ਦਾ ਵਿਆਹ ਵਿਸ਼ਨੂੰ ਨਾਲ ਹੋਇਆ ਸੀ। ਰੇਸ਼ਮਾ ਨੇ ਉਸ ਨੂੰ ਜਾਂ ਪਰਵਾਰ ਦੇ ਕਿਸੇ ਮੈਂਬਰ ਨੂੰ ਕਦੇ ਇਹ ਨਹੀਂ ਦੱਸਿਆ ਕਿ ਉਹ ਮਾਂ ਬਣਨ ਵਾਲੀ ਹੈ। ਰੇਸ਼ਮਾ ਦੇ ਫੇਸਬੁੱਕ ਦੋਸਤ ਦੀ ਜਾਂਚ ਦੌਰਾਨ ਪੁਲਸ ਨੇ ਉਸਦੀ ਨਨਾਣ ਆਰੀਆ ਅਤੇ ਭਾਣਜੀ ਗ੍ਰਿਸ਼ਮਾ ਨੂੰ ਪੁੱਛ-ਗਿੱਛ ਵਾਸਤੇ ਇਸ ਬੁਲਾਇਆ ਕਿ ਰੇਸ਼ਮਾ ਆਪਣੇ ਕਈ ਫੇਸਬੁੱਕ ਅਕਾਊਂਟਸ ਵਿੱਚੋਂ ਇੱਕ ਨੂੰ ਆਰੀਆ ਦੇ ਨਾਂ ਨਾਲ ਚਲਾਉਂਦੀ ਸੀ। ਇਸ ਘਟਨਾਦਾ ਦਿਲਚਸਪ ਮੋੜ ਉਦੋਂ ਆਇਆ ਜਦੋਂ ਆਰੀਆ ਤੇ ਗ੍ਰਿਸ਼ਮਾ ਨੇ ਇੱਕ ਦਰਿਆ ਵਿੱਚ ਛਾਲ ਮਾਰ ਕੇ ਆਤਮਹੱਤਿਆ ਕਰ ਲਈ। ਪਿੱਛੋਂ ਪੁਲਸ ਨੇ ਗ੍ਰਿਸ਼ਮਾ ਦੇ ਇੱਕ ਮਰਦ ਮਿੱਤਰ ਕੋਲੋਂ ਪੁੱਛ-ਗਿੱਛ ਕੀਤੀ ਤਾਂ ਭੇਦ ਖੁੱਲ੍ਹਾ ਕਿ ਆਰੀਆ ਅਤੇ ਗ੍ਰਿਸ਼ਮਾ ਦੋਹਾਂ ਨੇ ਅਨੰਦੂ ਨਾਂ ਨਾਲ ਇੱਕ ਫਰਜ਼ੀ ਫੇਸਬੁੱਕ ਅਕਾਊਂਟ ਬਣਾਇਆ ਸੀ ਅਤੇ ਉਹ ਦੋਵੇਂ ਰੇਸ਼ਮਾ ਨਾਲ ਮਜ਼ਾਕ ਕਰਦੀਆਂ ਸਨ।

# ਭਾਰਤ ਦੀ ਇੱਕ ਹੋਰ ਧੀ ਪੁਲਾੜ ਦੀ ਯਾਤਰਾ ਕਰੇਗੀ

ਵਾਸ਼ਿੰਗਟਨ, 5 ਜੁਲਾਈ (ਪੋਸਟ ਬਿਊਰੋ)- ਵਰਜਿਨ ਗੈਲੈਕਟਿਕ ਦੇ ਮਾਲਕ ਤੇ ਪ੍ਰਸਿੱਧ ਉਦਯੋਗਪਤੀ ਰਿਚਰਡ ਬ੍ਰੈਨਸਨ ਪੁਲਾੜ ਯਾਤਰਾ ਲਈ 11 ਜੁਲਾਈ ਨੂੰ ਰਵਾਨਾ ਹੋਣਗੇ। ਇਸ ਦੌਰਾਨ ਉਨ੍ਹਾਂ ਨਾਲ ਭਾਰਤੀ ਮੂਲ ਦੀ ਸਿਰੀਸ਼ਾ ਬਾਂਦਲਾ ਵੀ ਜਾ ਰਹੀ ਹੈ। ਸਿਰੀਸ਼ਾ ਬਾਂਦਲਾ ਵਰਜਿਨ ਗੈਲੈਕਟਿਕ ਕੰਪਨੀ ਵਿੱਚ ਸਰਕਾਰੀ ਮਾਮਲਿਆਂ ਤੇ ਖੋਜ ਨਾਲ ਜੁੜੀ ਅਫਸਰ ਹੈ। ਪੰਜ ਹੋਰ ਯਾਤਰੀ ਰਿਚਰਡ ਨਾਲ ਪੁਲਾੜ ਉੱਤੇ ਜਾ ਰਹੇ ਹਨ।



ਭਾਰਤ ਵਿੱਚ ਪੈਦਾ ਹੋਈ ਸਿਰੀਸ਼ਾ ਦੂਜੀ ਮਹਿਲਾ ਹੈ ਜੋ ਪੁਲਾੜ ਦੀ ਇਸ ਖ਼ਤਰਨਾਕ ਯਾਤਰਾ ਉੱਤੇ ਜਾ ਰਹੀ ਹੈ। ਸਿਰੀਸ਼ਾ ਬਾਂਦਲਾ ਆਂਧਰਾ ਪ੍ਰਦੇਸ਼ ਦੇ ਗੁੰਟੂਰ ਦੀ ਵਸਨੀਕ ਹੈ। ਉਹ ਬਾਂਦਲਾ ਪੁਲਾੜ ਯਾਤਰਾ ਕਰਨ ਵਾਲੀ ਦੂਜੀ ਭਾਰਤੀ ਮੂਲ ਦੀ ਔਰਤ ਹੋਵੇਗੀ। ਇਸ ਤੋਂ ਪਹਿਲਾਂ ਕਲਪਨਾ ਚਾਵਲਾ ਪੁਲਾੜ ਵਿੱਚ ਗਈ ਸੀ ਤੇ ਬਦਕਿਸਮਤੀ ਨਾਲ ਸਪੇਸ ਸ਼ਟਲ ਕੋਲੰਬੀਆ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ ਸੀ। ਸਿਰੀਸ਼ਾ ਬਾਂਦਲਾ ਸਾਲ 2015 ਵਿੱਚ ਵਰਜਿਨ ਵਿੱਚ ਸ਼ਾਮਲ ਹੋਈ ਤੇ ਉਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਸਿਰੀਸ਼ਾ ਵਰਜਿਨ ਆਰਬਿਟ ਦੇ ਵਾਸ਼ਿੰਗਟਨ ਦੇ ਕੰਮ ਕਾਜ ਵੀ ਦੇਖਦੀ ਹੈ। ਉਸ ਨੇ ਜਾਰਜਟਾਊਨ ਯੂਨੀਵਰਸਿਟੀ ਤੋਂ ਐਮ ਬੀ ਏ ਕੀਤਾ ਹੈ। ਰਾਕੇਸ਼ ਸ਼ਰਮਾ ਭਾਰਤ ਵੱਲੋਂ ਪੁਲਾੜ ਉੱਤੇ ਜਾਣ ਵਾਲੇ ਪਹਿਲੇ ਵਿਅਕਤੀ ਸਨ। ਇਸ ਪਿੱਛੋਂ ਕਲਪਨਾ ਚਾਵਲਾ ਗਈ ਸੀ। ਫਿਰ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਨੇ ਵੀ ਪੁਲਾੜ ਵਿੱਚ ਕਦਮ ਰੱਖਿਆ ਸੀ। ਬਰੇਨਸਨ ਦੀ ਕੰਪਨੀ ਨੇ ਐਲਾਨ ਕੀਤਾ ਕਿ ਅਗਲੀ ਪੁਲਾੜ ਉਡਾਣ 11 ਜੁਲਾਈ ਨੂੰ ਹੋਵੇਗੀ ਅਤੇ ਇਸ ਦੇ ਸੰਸਥਾਪਕ ਸਣੇ ਛੇ ਲੋਕ ਉਸ ਉਡਾਣ ਦਾ ਹਿੱਸਾ ਹੋਣਗੇ। ਇਹ ਪੁਲਾੜੀ ਜਹਾਜ਼ ਨਿਊ ਮੈਕਸੀਕੋ ਤੋਂ ਰਵਾਨਾ ਹੋਵੇਗਾ, ਜਿਸ ਵਿੱਚ ਚਾਲਕ ਦਲ ਦੇ ਸਾਰੇ ਮੈਂਬਰ ਕੰਪਨੀ ਦੇ ਕਰਮਚਾਰੀ ਹੋਣਗੇ।

# ਅਗਸਤ ਸ਼ੌਫ਼ਟ ਵੱਲੋਂ ਬਣਾਈਆਂ ਸਿੱਖ ਰਾਜ ਦੀਆਂ ਪੇਂਟਿੰਗਾਂ ਲਾਹੌਰ ਕਿਲ੍ਹੇ ਵਿੱਚ ਲੱਗਣਗੀਆਂ

ਲਾਹੌਰ, 5 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਬੈਂਕ ਆਫ਼ ਪੰਜਾਬ ਤੇ ਇਸਲਾਮਾਬਾਦ ਦੇ ਹੰਗਰੀ ਦੇ ਦੂਤਘਰ ਵਿਚਾਲੇ ਸਮਝੌਤੇ ਦੇ ਬਾਅਦ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚਲੀ ਸ਼ਹਿਜ਼ਾਦੀ ਬੰਬਾ ਸਿੱਖ ਗੈਲਰੀ ਵਿੱਚ ਹੰਗਰੀ ਦੇ ਕਲਾਕਾਰ ਅਗਸਤ ਸ਼ੌਫ਼ਟ ਵੱਲੋਂ ਸਿੱਖ ਰਾਜ ਵੇਲੇ ਦੀਆਂ ਬਣਾਈਆਂ 170 ਸਾਲ ਪੁਰਾਣੀਆਂ ਤਸਵੀਰਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਅਗਸਤ ਸ਼ੌਫ਼ਟ ਨੇ ਵਧੇਰੇ ਤਸਵੀਰਾਂ ਸੰਨ 1841-1842 ਦੇ ਵਿਚਕਾਰ ਬਣਾਈਆਂ ਸਨ। ਇਨ੍ਹਾਂ ਤਸਵੀਰਾਂ ਦੀ ਪੱਕੀ ਪ੍ਰਦਰਸ਼ਨੀ ਲਈ ਸਮਝੌਤੇ ਉੱਤੇ ਬੈਂਕ ਆਫ਼ ਪੰਜਾਬ ਦੇ ਪ੍ਰਧਾਨ ਅਤੇ ਸੀ ਈ ਓ ਜ਼ਫ਼ਰ ਮਸੂਦ ਅਤੇ ਹੰਗਰੀ ਦੇ ਰਾਜਦੂਤ ਬੇਲਾ ਫਾਜ਼ੇਕਰ ਨੇ ਦਸਤਖ਼ਤ ਕੀਤੇ ਹਨ ਅਤੇ ਅਗਲੀ ਕਾਰਵਾਈ ਚੱਲ ਰਹੀ ਹੈ। ਇਸ ਗੈਲਰੀ ਨੂੰ ਮੁਕੰਮਲ ਕਰਨ ਵਿੱਚ ਪੰਜਾਬ ਪੁਰਾਤਤਵ ਡਾਇਰੈਕਟੋਰੇਟ ਅਤੇ ਸੈਰ-ਸਪਾਟਾ ਵਿਭਾਗ ਵੱਲੋਂ ਵੀ ਸਹਿਯੋਗ ਦਿੱਤਾ ਜਾ ਰਿਹਾ ਹੈ। ਸੈਰ-ਸਪਾਟਾ ਅਤੇ ਪੁਰਾਤਤਵ ਵਿਭਾਗ ਦੇ ਸੈਕਟਰੀ ਅਹਿਸਾਨ ਭੁੱਟਾ ਨੇ ਦੱਸਿਆ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਸ਼ਹਿਜ਼ਾਦੀ ਬੰਬਾ ਸਦਰਲੈਂਡ ਨੇ ਸੰਨ 1957 ਵਿੱਚ ਆਪਣੀ ਮੌਤ ਤੋਂ ਪਹਿਲਾਂ ਉਨ੍ਹਾਂ ਕੋਲ ਮੌਜੂਦ ਉਨ੍ਹਾਂ ਦੇ ਆਪਣੇ ਪਰਵਾਰ ਦਾ ਸਾਰਾ ਨਿੱਜੀ ਸਾਮਾਨ, ਯੂਰਪੀਨ ਕਲਾਕਾਰਾਂ ਦੀਆਂ ਪੇਂਟਿੰਗ, ਮਾਡਲ, ਫ਼ੋਟੋਆਂ, ਲਿਥੋਗ੍ਰਾਫ ਅਤੇ ਹੋਰ ਵਿਲੱਖਣ ਵਸੀਅਤ ਵਿੱਚ ਪੀਰ ਕਰੀਮ ਬਖ਼ਸ਼ ਸਪਰਾ ਨੂੰ ਦੇ ਦਿੱਤੀਆਂ ਸਨ, ਜੋ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚਲੀ ਸ਼ਹਿਜ਼ਾਦੀ ਬੰਬਾ ਸਿੱਖ ਗੈਲਰੀ ਦੀ ਸ਼ੋਭਾ ਬਣੀਆਂ ਹੋਈਆਂ ਹਨ।

# ਉਤਰੀ ਅਫਗਾਨਿਸਤਾਨ ਦੇ ਕਈ ਜ਼ਿਲ੍ਹਿਆਂ ਵਿੱਚ ਤਾਲਿਬਾਨ ਦਾ ਕਬਜ਼ਾ

ਕਾਬੁਲ, 5 ਜੁਲਾਈ (ਪੋਸਟ ਬਿਊਰੋ)- ਉਤਰੀ ਅਫਗਾਨਿਸਤਾਨ ਵਿੱਚ ਅਫਗਾਨ ਫੌਜੀਆਂ ਵੱਲੋਂ ਮੋਰਚੇ ਛੱਡ ਕੇ ਭੱਜਣ ਤੋਂ ਬਾਅਦ ਉਥੇ ਤਾਲਿਬਾਨ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਅਤੇ ਰਾਤੋ-ਰਾਤ ਉਸ ਨੇ ਕਈ ਜ਼ਿਲ੍ਹਿਆਂ ਉਤੇ ਆਪਣਾ ਕਬਜ਼ਾ ਜਮ੍ਹਾ ਲਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੈਂਕੜੇ ਅਫਗਾਨ ਫੌਜੀ ਸਰਹੱਦ ਪਾਰ ਕਰ ਕੇ ਤਾਜਿਕਿਸਤਾਨ ਚਲੇ ਗਏ ਹਨ। ਤਾਜਿਕਿਸਤਾਨ ਦੀ ਕੌਮੀ ਸੁਰੱਖਿਆ ਬਾਰੇ ਕਮੇਟੀ ਨੇ ਦੱਸਿਆ ਕਿ ਤਾਲਿਬਾਨ ਦੇ ਸਰਹੱਦ ਵੱਲ ਵਧਣ ਦੌਰਾਨ 300 ਤੋਂ ਵੱਧ ਅਫਗਾਨ ਫੌਜੀ ਬਦਖ਼ਸ਼ਾਂ ਪ੍ਰਾਂਤ ਤੋਂ ਦੇਸ਼ ਦੀ ਸਰਹੱਦ ਅੰਦਰ ਦਾਖਲ ਹੋਏ। ਇਸ ਬਿਆਨ ਮੁਤਾਬਕ ''ਮਨੁੱਖਤਾ ਅਤੇ ਚੰਗੇ ਗੁਆਂਢੀ ਹੋਣ ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ ਤਾਜਿਕ ਅਧਿਕਾਰੀਆਂ ਨੇ ਪਿੱਛੇ ਹਟ ਰਹੇ ਅਫਗਾਨਿਸਤਾਨ ਦੇ ਫੌਜੀਆਂ ਨੂੰ ਆਪਣੀ ਸਰਹੱਦ ਵਿੱਚ ਆਉਣ ਹੋਣ ਦਿੱਤਾ।'' ਅਪ੍ਰੈਲ ਵਿੱਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਅਫਗਾਨਿਸਤਾਨ ਵਿੱਚੋਂ ਫੌਜਾਂ ਹਟਾਉਣ ਦੇ ਐਲਾਨ ਮਗਰੋਂ ਤਾਲਿਬਾਨ ਨੇ ਪੂਰੇ ਦੇਸ਼ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਤਾਲਿਬਾਨ ਨੂੰ ਸਭ ਤੋਂ ਵੱਧ ਲਾਭ ਦੇਸ਼ ਦੇ ਉਤਰੀ ਖਿੱਤੇ ਵਿੱਚ ਹੋਇਆ, ਜੋ ਅਮਰੀਕੀ ਸਮਰਥਨ ਵਾਲੇ ਲੜਾਕਿਆਂ ਦਾ ਗੜ੍ਹ ਸੀ ਤੇ ਜਿਸ ਨੇ 2001 ਵਿੱਚ ਤਾਲਿਬਾਨ ਨੂੰ ਹਰਾਉਣ ਵਿੱਚ ਸਹਾਇਤਾ ਕੀਤੀ ਸੀ। ਅਫਗਾਨਿਸਤਾਨ ਦੇ 421 ਜ਼ਿਲ੍ਹਿਆਂ ਅਤੇ ਜ਼ਿਲ੍ਹਾ ਕੇਂਦਰਾਂ ਵਿੱਚੋਂ ਇੱਕ ਤਿਹਾਈ ਉਤੇ ਤਾਲਿਬਾਨ ਦਾ ਕਬਜ਼ਾ ਹੈ। ਸੂਬਾਈ ਕੌਂਸਲ ਮੈਂਬਰ ਮੋਹਿਬ-ਉਲ ਰਹਿਮਾਨ ਨੇ ਕਿਹਾ ਕਿ ਬਹੁਤੇ ਜ਼ਿਲ੍ਹਿਆਂ ਵਿੱਚ ਲੜਾਈ ਤੋਂ ਤਾਲਿਬਾਨ ਅੱਗੇ ਬਿਨਾਂ ਆਤਮ ਸਮਰਪਣ ਕਰ ਦਿੱਤਾ ਗਿਆ ਹੈ। ਪਿਛਲੇ ਤਿੰਨ ਦਿਨਾਂ ਵਿੱਚ 10 ਵਿੱਚੋਂ ਅੱਠ ਜ਼ਿਲ੍ਹੇ ਬਿਨਾਂ ਲੜਾਈ ਦੇ ਤਾਲਿਬਾਨ ਨੇ ਹਥਿਆ ਲਏ ਹਨ।

# ਸਕੂਲੋਂ ਛੁੱਟੀ ਲੈਣ ਲਈ ਸੰਤਰੇ ਦੇ ਰਸ ਨਾਲ ਵਿਦਿਆਰਥੀ ਕਰ ਰਹੇ ਨੇ ਕੋਰੋਨਾ ਟੈਸਟ ਰਿਪੋਰਟ ਪਾਜ਼ੀਟਿਵ

ਲੰਡਨ, 5 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਬੱਚਿਆਂ ਨੇ ਸਕੂਲੋਂ ਛੁੱਟੀਆਂ ਕਰਨ ਦਾ ਇੱਕ ਅਨੋਖਾ ਢੰਗ ਲੱਭਦਿਆਂ ਸੰਤਰੇ ਦੇ ਜੂਸ ਨਾਲ ਕੋਰੋਨਾ ਦੀਆਂ ਜਾਅਲੀ ਪਾਜ਼ੀਟਿਵ ਰਿਪੋਰਟਾਂ ਤਿਆਰ ਕਰਨ ਲੱਗੇ ਹਨ। ਕੋਰੋਨਾ ਸਕਾਰਾਤਮਕ ਹੋਣ ਵਾਲੇ ਬੱਚਿਆਂ ਨੂੰ ਦਸ ਦਿਨ ਇਕਾਂਤਵਾਸ ਕਰਨਾ ਹੁੰਦਾ ਤੇ ਸਕੂਲੋਂ ਦੋ ਹਫ਼ਤੇ ਛੁੱਟੀ ਮਿਲ ਜਾਂਦੀ ਹੈ। ਅਧਿਆਪਕਾਂ ਨੂੰ ਪਤਾ ਲੱਗਾ ਹੈ ਕਿ ਕੋਰੋਨਾ ਦੇ ਰੈਪਿਡ ਐਂਟੀਜੇਨ ਟੈਸਟ ਦੌਰਾਨ ਬੱਚੇ ਸੰਤਰੇ ਦਾ ਰਸ ਵਰਤ ਰਹੇ ਹਨ।



ਜਦੋਂ ਕੋਰੋਨਾ ਦੀ ਅਜਿਹੀ ਜਾਅਲੀ ਰਿਪੋਰਟ ਦਾ ਪਤਾ ਲੱਗਾ ਤਾਂ ਬ੍ਰਿਟਿਸ਼ ਅਖ਼ਬਾਰ ਦਿ ਗਾਰਡੀਅਨ ਨੇ ਖ਼ੁਦ ਇਸ ਦੀ ਲੈਬ ਵਿੱਚ ਜਾਂਚ ਕੀਤੀ, ਜਿੱਥੇ ਇਹ ਪਤਾ ਲੱਗਾ ਕਿ ਸੰਤਰੇ ਦੇ ਜੂਸ ਵਿੱਚ ਕੋਈ ਵਾਇਰਸ ਨਹੀਂ, ਪਰ ਇਸ ਵਿੱਚ ਮੌਜੂਦ ਐਸਿਡਿਟੀ ਪਦਾਰਥ ਕਾਰਨ ਨਤੀਜਾ ਨੈਗੇਟਿਵ ਆਇਆ ਸੀ। ਇਸ ਦੇ ਨਾਲ ਇਹ ਵੀ ਵੇਖਿਆ ਗਿਆ ਕਿ ਸਿਰਫ਼ ਸੰਤਰੇ ਦੇ ਜੂਸ ਨਾਲ ਹੀ ਨਹੀਂ, ਬਲਕਿ ਹੋਰ ਡਿਰੰਕ, ਕੈਚਅੱਪ ਅਤੇ ਕੋਕਾ ਕੋਲਾ ਦੀ ਵਰਤੋਂ ਵੀ ਰੈਪਿਡ ਐਂਟੀਜੇਨ ਟੈਸਟ ਵਿੱਚ ਸਕਾਰਾਤਮਕ ਨਤੀਜੇ ਦਿਖਾ ਰਹੀ ਹੈ। ਬ੍ਰਿਟੇਨ ਦੇ ਇੱਕ ਸਾਇੰਸ ਟੀਚਰ ਨੇ ਕਿਹਾ ਕਿ ਇੱਥੇ ਬੱਚੇ ਅਜਿਹੀਆਂ ਰਿਪੋਰਟਾਂ ਦਿਖਾ ਕੇ ਦੋ ਹਫ਼ਤਿਆਂ ਦੀਆਂ ਛੁੱਟੀਆਂ ਲੈ ਰਹੇ ਹਨ।








ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


WWW.KULWINDERCHHINA.COM

KULWINDERCHHINA
BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


## ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ

MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।

ਸੰਪਰਕ: 6477043799, 6477059736


ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010


A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW

AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Ranked Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **RE/MAX International **(2010) **(2014)

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON



BRAND NEW HOUSE FOR SALE ON ASSIGNMENT (IN CALEDON)

ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON



$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



$1,299,905
ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON



CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866
31 Melanie Dr. Unit #4 Brampton, ON L6T 5H8



FOR SALE
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE
$1,449,995
COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਂਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਂਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ



SOLD
$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੇਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044









FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017